Ellico

EXERCISE BOOK

Name History of Nirmalas

(2) ਸਾਖੀ ਨਾਮ ਗੁਰੂ ਈ ੨੧੦

Trade Mark



ਸੰਮਤ ੧੯੯੪ (A.D. 1937)

ਨਿਰਮਲ ਸੰਮਤ } ੪੪੨

੧੫੪੨

[illegible]

ਇਤਿਹਾਸ ਨਿਰਮਲ ਭੇਖ

ਕ੍ਰਿਤ

ਮਹੰਤ ਗਣੇਸ਼ਾ ਸਿੰਘ ਜੀ

(ਅਧਿਆਪਕ ਸ੍ਰੀ ਠਾਕੁਰ [illegible], ਅੰਮ੍ਰਿਤਸਰ)

ਪ੍ਰਕਾਸ਼ਕ

ਮਹੰਤ ਹਰੀ ਸਿੰਘ ਪ੍ਰਬੰਧਕ, ਗਲੀ [illegible]

ਸੰਮਤ ੧੯੯੪ (=੧੯੩੭ ਈ.) ਅੰਮ੍ਰਿਤਸਰ 2)

ਨਿਰਮਲ ਸੰਮਤ ੪੪੨ / ੧੫੪੨ \ [illegible]

ਤਤਕਰਾ।

ਸੰਪ੍ਰਦਾਵਾਂ:- [illegible]; [illegible]; [illegible];
[illegible]; [illegible]; [illegible];
[illegible]; [illegible]; [illegible];
[illegible]; [illegible]; [illegible];
[illegible]; [illegible]; [illegible] 2560

ਸਤੀਗੁਰ ਸੁਖ ਕਲਪਤਰੁ, ਸੁਕਤ ਨ ਤਾਕਿ ਧਿਆਨ।

ਨਿਰਮਲ ਸ਼ਬਦ ਦੀ ਵਿਉਤਪੱਤੀ etymology ਨਿ= ਨਿਸ਼ੇਸ਼ੇਣ, ਉਪਦੇਸ਼ੇਣ, ਜਿਨ੍ਹਾਂ ਮਲ ਨਿਵਾਰੀ ਧਰਮੋਪਦੇਸ਼ ਕਰਤਾ ਨਿਰਮਲਾ ਵਿਧਿ ਸੁੱਧਾ।

Books by Ganesha Singh:

(1) Nankana Sahib Guide.

(2) ਅਧਿਆਤਮ ਪ੍ਰਕਾਸ਼

(3) ਗੁਰਿਦਵਾਰ ਗਾਈਡ

ਪਰਕਰਣ= ਤਰੀਕਾ
ਕ੍ਰਮਤਾ

Old Books referred to in this Itihasa Nirmal Bhekh:—

'ਸਤਗੁਰ ਰਤਨੀ ਨਗਰੇ ਵਾਲੇ ਦੀ ਪੋਥੀ' ਦੀ ਦੇਵ ਸਾਖੀ

'ਭਾਈ ਸੂਰੇ ਮਹਾਤਮਾ ਦੀਆਂ ਸਾਖੀਆਂ'

'ਸਭ ਲੋਕ ਪ੍ਰਕਾਸ਼', ਦੋਵੇਂ, ਛੋਟਾ ਤੇ ਵੱਡਾ

'ਨਿਰਮਲ ਪ੍ਰਥਮੀ।' 'ਨਿਰਮਲ ਪੰਥ ਪ੍ਰਦੀਪਕਾ।'

'ਨਾਨਕ ਚੰਦ੍ਰੋਦਯ।'

Guru Nanak's Advent

ਜਬ ਜਬ ਹੋਤ ਅਰਿਸ੍ਟ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ॥ (ਬਚਿਤ੍ਰ ਨਾਟਕ)

यदा यदा हि धर्मस्य ग्लानिर्भवति भारत।
अभ्युत्थानमधर्मस्य तदाऽऽत्मानं सृजाम्यहम्॥
परित्राणाय साधूनां विनाशाय च दुष्कृताम्।
धर्म संस्थापनार्थाय सम्भवामि ~~युगे~~ युगे॥ गीता ४-७,८

ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
[ਵਾਰ ਮਾਝ੍ਹ ਸਲੋਕ ੧੬

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਯਾ।
[ਵਾਰ ਭਾ: ਗੁਰਦਾਸ

Dr. ਭਵਿਸ਼੍ਯ ਪੁਰਾਣ:

एवं ~~पूर्व~~ वैधर्म्य प्राचुर्ये भविष्यति यदा कलौ
तदा लोक रक्षार्थं म्लेच्छानां नाश हेतवे।
~~पश्चि~~ पश्चिमेतु शुभे देशे वेदि वंशो च नानकः।
३०-३१

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ [ਸ੍ਵੈਯੇ ੧੬

ਬਾਬ ਮੋਦੀ ਤੋੜਿ ਕੇ, ਸਭ ਖੰਡ ਮੈ ਪਰਗਟ ਜਾਈ।
ਧਿਆਨ ਦੇਹ ਪ੍ਰਭੁ ਜੋੜਿ ਕੇ, ਗੁਰਸੰਗ ਦੇ ਕਲਾ ਦਿਖਾਈ॥
ਜਬ ਕਮੰਡਲ[1], ਮਾਲ[2] ਗੁਲ, ਆਸਣ[3], ਅਸਾ[4], ਪਉੜੇ[5], ਦਾਈ। (=ਦਿਤੇ)
ਟੋਪੀ*[6], ਚੋਲਾ[7], ਬਗਦ ਨੇ, ਭੇਟਾ ਦੈ ਗਲ ਸੇਲੀ[8] ਪਾਈ।

---

* ਇਹ ਬਾਣਾਂ ਛੇਵੇਂ ਸ੍ਰੀ ਗੁਰੂ ਜੀ ਨੇ ਉਤਾਰਕੇ ਦਸਤਾਰ ਚਲਾਈ, ਸੇਲੀ ਨਿਰਅਜਿਆਂ [illegible] ਪੁਸਿਪ ਰਖੀ ਆ ਰਹੀ ਹੈ।

ਬੇਈਂ ਵਿਚੋਂ ਨਿਕਸਕੇ ਤਨ ਪਰ ਭਗਵੇ ਬਸਤਰ ਸੁਹਾਈ।
ਬੈਠੇ ਕਰਤਾਰਪੁਰਨ ਮੈਂ ਦਰਸ਼ਨ ਕੋ ਉਮੜੀ ਲੋਕਾਈ।
ਵਾਹਗੁਰੂ ਸਤਨਾਮ ਹੈ, ਸਭਿ ਦੇਵ ਕੇ ਸਾਰ ਬਤਾਈ।
... ...

ਰੀਤ ਫਕੀਰੀ ਧਾਰ ਕੇ, ਮਰਦਾਨਾ ਸਾਥੀਂ(?) ਸੰਗਾਈ।
ਸੰਤ ਸੁਹੇਲੀ ਸੈਲ ਕਰ, ਭਰਨਿਪ ਤਾਰੀ ਧਰਮ ਸਚਾਈ॥
'ਨਿਰਮਲ ਪੰਥ' ਚਲਾਇਓ, ਏਕ ਵਿਵੇਕ ਭੁਗਤਿ ਦ੍ਰਿੜਾਈ।
ਇਤਿ ਸੰ: ਤਾ:- ਜਾਪਨ ਕਹਿਨ ਕੁਮਾਇਕੇ, ਗੁਰ ਚੇਲੇ ਦੀ ਰੀਤ ਚਲਾਈ॥
ਕਲਿਜੁਗ ਨਾਨਕ ਕੁਲ ਜਿਆਈ।
(ਦੇਖੋ ਵਾਰ, ਪੌੜੀ ੩੮)

ਏਸਤਰ੍ਹਾਂ ਜਦ ਤੀਸਰੇ ਦਿਨ ਬੇਈਂ ਵਿਚੋਂ ਬਾਹਰ ਨਿਕਲੇ, ਤਾਂ ਸਰੀਰ ਪਰ ਭਗਵੇਂ ਬਸਤ੍ਰ ਸੁਸ਼ੋਭਿਤ ਹੋ ਰਹੇ ਸਨ (ਜੋ ਕਿ ਸੰਤ ਭੇਖ ਦਾ ਚਿਹਨ ਹੈ) ਮਗਰ ਆਪਣੇ ਨਿਜ ਸਥਾਨ ਪਰ ਨਹੀਂ ਗਏ, ਕਿੰਤੂ ਇਕ ਏਕਾਂਤ ਸਥਾਨ ਪਰ ਨਦੀ ਕਨੇ ਜਾ ਬਿਰਾਜੇ। ਅਰ ਨਿਜ ਅਨੰਦ ਵਿਚ ਮਗਨ ਹੋ ਰਹੇ। ਅਜਿਹੀ ਦਸ਼ਾ ਦੇਖਕੇ ਦੁਨੀਆਂ ਦਰਸ਼ਨ ਵਾਸਤੇ ਉਮਡ ਪਈ॥ ------

ਇਨ੍ਹਾਂ ਵਲ ਮੁੜਕੇ ਸ੍ਰੀ ਗੁਰੂ ਜੀ ਆਖਦੇ ਹਨ, ਭਾਈ ਪ੍ਰੇਮੀ ਜਨੋ! ਆਪਣਾ ਸਤ ਹੋਵੇ, ਤੁਸੀਂ ਕੇਵਲ 'ਸਤਿਨਾਮ ਸ੍ਰੀ ਵਾਹਿਗੁਰੂ (?)' ਜਪੋ। ------
ਇਸ ਬਾਤ ਨੂੰ ਭਾਈ ਗੁਰਦਾਸ ਜੀ ਇਉਂ ਸਪਸ਼ਟ ਕਰਦੇ ਹਨ, ਯਥਾ—

ਸਤਿਜੁਗ ਸਤਿਗੁਰ ਵਾਸਦੇਵ, ਵਵਾ ਵਿਸਨਾ ਨਾਮ ਜਪਾਵੈ।
ਦੁਆਪਰ ਸਤਿਗੁਰ ਹਰੀ ਕ੍ਰਿਸਨ, ਹਾਹਾ ਹਰਿ ਹਰਿ ਨਾਮ ਜਪਾਵੈ॥
ਤ੍ਰੇਤੇ ਸਤਿਗੁਰ ਰਾਮ ਜੀ, ਰਾਰਾ ਰਾਮ ਜਪੇ ਸੁਖ ਪਾਵੈ॥
ਕਲਿਜੁਗ ਨਾਨਕ ਗੁਰ ਗੋਬਿੰਦ*, ਗਗਾ ਗੋਬਿੰਦ ਨਾਮ ਜਪਾਵੈ।
ਚਾਰੇ ਜਾਗੇ ਚਹੁ ਜੁਗੀ, ਪੰਚਾਇਣ ਵਿਚ ਜਾਇ ਸਮਾਵੈ।
ਚਾਰੋ ਅਛਰ ਇੱਕ ਕਰ, ਵਾਹਿਗੁਰੂ ਜਪ ਮੰਤ੍ਰ ਜਪਾਵੈ।
ਜਹ ਤੇ ਉਪਜਿਆ ਤਹਾਂ ਸਮਾਵੈ॥

* ਕਲਿਜੁਗ [illegible] ਨਾਨਕ ਤੇ ਗੋਬਿੰਦ [illegible] ਹੈ।

ਜਾਪਤ੍ਰ ਵਿਚ ਇਹ ਨਾਮ ਸਭਨਾਂ ਨਾਲੋਂ ਸ੍ਰੇਸ਼ਟ ਹੈ, ਕਿਉਂਕਿ ਇਸ ਇਕ ਨਾਮ ਵਿੱਚ ਹੋਰਾਂ ਗੁਣਾਂ ਦੇ ਨਾਮ ਸੰਮਿਲਤ ਹੋਣ ਤੇ ਪ੍ਰਭਾਵ ਵਾਲਾ ਮੰਤ੍ਰ ਹੋ ਗਿਆ, ਇਸੇ ਕਾਰਣ ਅੰਮ੍ਰਿਤ ਸੰਸਕਾਰ ਸਮੇਂ ਇਸੇ ਦਾ ਉਪਦੇਸ਼ ਦਿੱਤਾ ਜਾਂਦਾ ਹੈ। [illegible] ਇਹ ਸਭ ਨਿਰਮਲ ਮਤ ਦੇ ਆਦਿ ਨਿਯਮ ਹਨ।

ਜਾਤ ਜੋਗ ਰਾਮ ਆਦਿਕਾਂ ਨੇ ਪਾਰ ਲੈਜਾਣ ਵਾਸਤੇ ਅਨੇਕ ਪ੍ਰਕਾਰ ਦੀ ਪ੍ਰਾਰਥਨਾ ਅਰ ਅਧੀਨਗੀ ਕੀਤੀ, ਤਦ ਭੀ ਸ੍ਰੀ ਗੁਰੂ ਜੀ ਨੇ ਉੱਤਰ ਇਸੇ ਇਉਂ ਦਿਤਾ ਕਿ:

ਬਾਲਕ ਬ੍ਰਿਧ ਜਵਾਨ ਸਭੀ, ਹੈਂ ਸਭ ਕੇ ਅਧਿਕਾਰ।
ਸਰਧਾ ਨ ਦੇਖ ਪਰਖ ਤੇ, ਤਜੇ ਸਕਲ ਸੰਸਾਰ॥

(ناتک پرکاش) [illegible]

(੯) ਵਿਚਾਰ ਕਰਕੇ ਦੇਖ ਲਿਆ ਜਾਵੇ ਤਾਂ ਗੁਰੂ ਵੇਲੇ ਦੀ ਸਾਂਗੋਪਾਂਗ ਰੀਤੀ ਰੀਤੀ, ਰਸਮ, ਰਿਵਾਜ ਨਿਰਮਲਿਆਂ ਵਿਚ ਅਜ ਤਕ ਉਸੇ ਤਰ੍ਹਾਂ ਚਲਿਆ ਆ ਰਿਹਾ ਹੈ, ਜਿਹਾ ਕਿ ਗੁਰੂ ਘਰ ਵਿਚ ਪ੍ਰਚਲਿਤ ਸੀ। ਗੁਰੂ ਜੀ ਦਾ 'ਸੰਤ ਭੇਸ' ਨਿਰਮਲਾ ਹੀ ਸੀ, ਇਸ ਨਾਲੋਂ ਭਿੰਨ ਨਹੀਂ ਸੀ। 'ਨਾਨਕ ਤਪਾ', 'ਨਾਨਕ ਦਰਵੇਸ਼', 'ਨਾਨਕ ਫਕੀਰ' ਆਦਿ ਸੰਬੋਧਨ ਉਹਨਾਂ ਦਾ ਸੰਤ ਭੇਖ ਵਿਚ ਹੋਣਾ ਦਸਦੇ ਹਨ। ਨਿਰਮਲ ਭੇਖ ਗੁਰੂ ਨਾਨਕ ਸਾਹਿਬ ਤੋਂ ਹੀ ਤੁਰਿਆ।

ਕਲਿਜੁਗ ਨਾਨਕ 'ਨਿਰਮਲਾ', ਪੰਥ ਚਲਾਇਓ ਆਪ।
ਦੇਵ ਕਰੋੜੋਂ ਸਾਗਰਾ, ਜਪਦੇ ਇਕ ਖੁਦਾਇ॥ [ਮੱਕੇ ਦੀ ਗੋਸ਼ਟ। [illegible]

ਹੋਰ:- ਕਲਿਜੁਗ ਨਾਨਕ ਨਿਰਮਲਾ, ਗੁਰ ਚੇਲਾ ਪਰਵਾਨ।
ਪਾਰਿ ਉਤਾਰੇ ਸਭਨਾ, ਸਤਿ ਨਾਮ ਦੇ ਦਾਨ॥ [ਮੱਕੇ ਦੀ ਗੋਸ਼ਟ ਸੰਗ੍ਰਹਿ[illegible]

'ਗੁਰ ਚੇਲੇ' ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ [ਵਾਰ ਸਤੇ ਬਲਵੰਡ
ਦੇਸ ਮੈਂ ਮੁਕਤਿ ਨਾਮੁ ਤੇ ਪਾਵਤ 'ਗੁਰ' ਬਾਹ ਭੇਦੁ ਬਤਾਵੈ॥ [ਬਿ: ਸ: ੯
'ਬਿਨੁ ਸਤਿਗੁਰ ਭੇਟੇ' ਨਾਮੁ ਨ ਪਾਇਆ ਜਾਇ। [ਸਿਧ ਗੋਸਟਿ ਮ: ੧
'ਬਿਨੁ ਸਤਿਗੁਰ' ਕੋ ਨਾਮੁ ਨ ਪਾਏ, ਪ੍ਰਭਿ ਐਸੀ ਬਣਤ ਬਣਾਈ ਹੇ [ਮਾਰੂ ਮ: ੧

بچگاری = بدکاری

کعبہ میں سنہ ۱۵۸۰ میں گئے - یعنی سنہ ۱۵۱۷ ع میں + خطبے (صفحہ ۱۲) [illegible]

Guru Nanak's Dress and his 'Nirmal Panth'

ਸਿਰ ਪਰ ਨੁਕਤਾ* ਭੂਸਨ ਗਰ, ਗਰ ਅਲਫੀ ਦਰਵੀਰ।
ਸੈਲਾਨਾ※ ਭਗਵਾਂ ਸਜੇ, ਧਾਰਿਓ ਭੇਖ ਫ਼ਕੀਰ॥
[illegible] [illegible] [ਨਾਨਕ ਪ੍ਰਕਾਸ਼

ਤਜਿ ਪਟੰਬਰ ਪ੍ਰਭ ਪਰਮੇਸਰ, ਪਹਿਰੇ ਸ਼੍ਵੇਤ ਦਿਸਾ ਨਹਿ ਸੁੰਦਰ।
ਸੋ ਭਗਵੇਂ ਪਰ ਚੀਰ ਸ਼ਰੀਰ, ਜੈਸੇ ਇਸ ਧਰ ਭੇਖ ਫ਼ਕੀਰ॥
no white cloth [ਅਧਯਾਯ: ੩੮ ਛੰ: ੩੦ ਪੂ:

ਭੇਖ ਗੁਰੂ ਕੋ ਦੇਖ ਕਰ, ਪ੍ਰਿਤੁ ਵਿਸੇਖ ਗਿਆਨ।
‡ਕਟਿ ਕੁਪੀਨ ਇਕ ਨੁਕਤੇਦਾਰ, ਦੇ ਭਗਵੇ ਸੈਲਾਨ॥
ਭਗਵੇਂ ਚੀਰ ਸਰੀਰ ਵਿਰਾਜੇ।
ਜਿਨਕੇ ਦਰਸਨ ਕਰ ਅਘ ਭਾਜੇ॥ [ਅਧਯਾਯ ੫੨ ਛੰ: ੨੦ ਪੂ

ਅਨਯਤ੍ਰ:- ਭਗਵੇ ਸੋਹਿਤ ਨਹੀਂ, ਤਨ ਕਾਹੀਂ। [illegible]
ਮਾਨਹੁ ਕਹਿਓ, ਸਾਂਤ ਰਸ ਜਾਹੀਂ॥ [ਅਧਯਾ: ੫, ਛੰ: ੨੭

ਪੁਨਰਪਿ:- ਭਗਵੇਂ ਚੀਰ ਸਰੀਰ ਸੁਹਾਏ। ਮਸਤਕ ਤਿਲਕਾਂ⊙ ਤਿਲਕ ਭਸਮ ਵਿਰਾਜੇ।
ਤੀਨ ਲੋਕ ਕੇ ਕਰਤਾ ਸੋਊ। ਭੇਖ ਫਕੀਰੀ ਵਿਚਰਤ ਸੋਊ।
[ਅਧਯਾਯ ੨੯ ਛੰ: ੧੯ ਉ:

ਇਸ ਤਰਾਂ ਹੋਰ ਭੀ ਜ਼ਿਕਰ ਹੈ ਕਿ ਸਰੀਰ ਪਰ ਭਗਵੇਂ ਰੰਗ ਦੇ ਬਸਤ੍ਰ ਸਜਾਏ ਹੋਏ ਹਨ। ਅਤੇ ਸੈਲਾਨੀ ਰਹੇ ਵਿਚੋਂ ਫ਼ਕਰ ਰਾਜਾ (ਕਰਤਾ ਦਾਤਾ) ਦਾਤਾ ਧਰ ਗਿਆ ਹੈ ਇਸ ਵਿਚ

⊙ ਤਿਲਾਂ ਤੇ ਟਾਕਾ, ਭਸਮ-ਟਾਕਾ।
§ ਜਬ ਵਿਚ ਇਕ ਨੁਕਤ = ਚਕ੍ਰਾ, ਸਲੋਕ ਹੈ ਤੇ ਦੇ ਚਾਦਰ, ਸੋ ਅਤ ਭਗਵੇਂ ਰੰਗ ਦੇ॥
‡ ਲੱਕ ਵਿਖੇ ਕੁਪੀਨ - ਲੰਗੋਟੀ ਪਹਿਨੀ ਹੋਈ ਹੈ॥
* ਸਿਰ ਉਪਰ ਨੁਕਰਾ = ਚਕ੍ਰਾ ਦੇ ਗਲ ਦਾ ਹੈ। ਪਰਨਾ, ਅਲਫ਼ਾ।
※ ਸੈਲਾਨਾ, ਭਗਵੇਂ ਰੰਗ ਦਾ ਗਾਤੀ ਦਾ॥ ਚੋਲਾ,

ਅਸੂਲਨ ਤਾਂ ਇਹ ਹੈ ਕਿ ਨਿਰਮਲੀ ਦੇ ਜੋ ਕਰਤਾ ਧਰਤਾ ਹਨ ਅਤੇ ਫਕੀਰੀ (ਸੰਤ ਭੇਖ) ਵਿਚ ਵਿਚਰ ਰਹੇ ਹਨ। ਇਸ ਤੋਂ ਨਿਰਮਲ ਭੇਖ ਦਾ ਹੀ ਨਿਕਾਸ ਸਿਧ ਹੁੰਦਾ ਹੈ।

ਗੁਰ ਅਰਜੁਨ ਜਹਿ ਬੈਠ ਕਰ, ਬਾਂਧੀ ਬੀੜ ਸੁਗ੍ਰੰਥ।
ਜਹਿ ਪ੍ਰਚਾਰ ਸਭ ਜਗਤ ਮੈਂ, ਚਲਾ ਹੈ 'ਨਿਰਮਲ ਪੰਥ' [ਗੁਰਬਿਲਾਸ ਛੇਵੀਂ ਪਾ: Said to have been written in S. 1775

ਥਾਪਿਓ ਲਹਿਣਾ ਜੀਵਦੇ, ਗੁਰਿਆਈ ਸਿਰ ਛਤ੍ਰ ਫਿਰਾਇਆ।
ਮਾਰਿਆ ਸਿੱਕਾ ਜਗਤ ਵਿਚ, ਨਾਨਕ 'ਨਿਰਮਲ ਪੰਥ' ਚਲਾਇਆ। [ਵਾਰ ੧ ਪੌੜੀ ੪੫

ਇਹ ਸੰਪ੍ਰਦਾਈ, ਸਿਲਸਿਲੇ ਦੇ ਤੌਰਨ ਵਿਚ ਪ੍ਰਚਾਰ ~~[illegible]~~ ਹੈ।

ਨਾਨਕ ਨਿਰਮਲ ਕੁਲਿ ਅਵਤਰਿਉ ਅੰਗਦ ਲਹਿਣੇ ਸੰਗ ਹੁਅ॥
[ਸ੍ਵੈ: ੩ ਪਾਤਸ਼ਾਹੀ ਅੰ: ੧੬

ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ
[illegible] [ਸ੍ਵੈਯੇ ੫ ਅੰਕ ੧੯ ਮਥੁਰਾ ਭੱਟ

ਇਹ † ਪੱਧਤਿ ਤੇ ਮਤ ਨੂੰ ਕਹਿ ਦੇ ਮਨ
ਭੇਦ ਬਿਭੇਦ ਨ ਜਾਨਹੁ ਬੀਓ॥ [ਸਵੈਯੇ ੫

ਹੇ ਮਨ! ਇਸ ਨਿਰਮਲ ਭੇਖ ਦੀ ਪੱਧਤਿ ਨਾਮ ਪ੍ਰਣਾਲੀ ਅਰਥਾਤ ਸੰਪ੍ਰਦਾਈ ਸਿਲਸਿਲੇ ਨੂੰ ਮਤ ਕਿਤੇ ਭੇਦ ਜਾਣੇਂ, ਭਾਵ ਨਾ ਵੰਡੇਂ।

ਗੁਰ ਅਰਜਨ ਸਿਮਰਨ ਸਤ ਨਾਮੁ। ਹੋਮੈਂ ਤਿਆਗੇ ਮਨ ਬਿਸਰਾਮੁ॥
ਦਯਾ ਖਿਮਾ ਸੁਭ ਸੀਲਸ ਧੀਰਜ। ਧਰਮ ਧਰਾਇਹ ਸਾਰ ਸਰੀਰਜ॥
ਗੁਰਸਿਖੀ ਨਿਰਮਲ ਸੰਤੋਖੁ। ਸਦਾ ਗੁਰੂ ਕੇ ਰਹੈ ਭਰੋਸੁ॥
[ਸੂਰਜ ਪ੍ਰਕਾਸ਼ ਰਾਸ ੮, ਅੰਸੂ ੩੫, ਛੰ: ੩੨, ੩੩।

ਜੌਨ ਕਥੀਸੰਗਤ ਨੂੰ ਦਿਖੀ ਲੈਣ ਇਸ ਤਕਾਂ ਦਾ ਜਾਕੇ ਉਪਦੇਸ਼ ਕਰਦੇ ਹਨ।

---

† ਪੱਧਤਿ—ਪ੍ਰਣਾਲੀ ਅਰਥਾਤ ਸੰਪ੍ਰਦਾਇ, ਸੋ ਇਹ ਭੇਖ ਦੀ ਸੀ ਹੁੰਦੀ ਹੈ, ਕਿਸੇ ਤ ਦੀ ਨਹੀਂ।

ਸੇਵੇ ਗੁਰ, ਨਿਰਮਲ, ਬਨ ਜਾਇ।
ਭਗਤ ਗਯਾਨ ਗੁਰ ਸਿਖੀ ਪਾਇ॥
[ਰਾਸ ੯ ਅੰਸੂ ੩੯ ਛੰ: ੩੩

ਇਹ ਉਪਦੇਸ਼ ਗੁਰੂ ਹਰਗੋਬਿੰਦ ਸਾਹਿਬ ਨੇ ਬਾਬਾ ਗੁਰਦਿੱਤੇ ਦੇ ਰਸਤੇ ਪਰ ਸੰਗਤ ਨੂੰ ਕੀਤਾ॥ ਸ੍ਰੀ ਗੁਰੂ ਜੀ ਨੂੰ ਅਜ ਲੋਗ ਸਭ ਨਿਰਮਲੇ ਹੀ ਕਿਹਾ ਕਰਦੇ ਸਨ। ਨਿਰਮਲ ਗੁਰ, ਗੁਰ ਦਰਸਾਹਿ ਸਿੱਖਨ ਪਰਮੇਸੁਰ ਕੋ ਏਸ ਸੁਜਾਨ।
[ਰਾਸ ੭ ਅੰਸੂ ੫੩ ਛੰ: ੩੫

ਦਸਮੇਸ਼ ਜੀ ਮਹਾਰਾਜ ਦਾ ਖੁਦ ਕਥਨ ਸੂਰਜ ਪ੍ਰਕਾਸ਼ ਵਿਚ ਇਉਂ ਦਿੱਤਾ ਹੈ:-
ਜੋਗ ਭੇਖ ਸੋ ਦੋਨੋ ਰੀਤਿ। ਦੂਈ ਪੰਥ ਨਿਰਮਲ ਕੇ ਕੀਤ।
ਸਤਿ ਨਾਮ ਕੋ ਸੁਮਰਨ ਕਰਨੋ। ਇਹੀ ਜੋਗ ਇਕੰ ਸਿਦ੍ਹ ਕੋ ਧਰਨੋ॥ ੩੭॥

ਗੁਰੂ ਤੇਗ ਬਹਾਦਰ ਜੀ ਕਾਂਸ਼ੀ ਵਿਚ ਮਿਲਨ ਆਈਆਂ ਸੰਗਤਾਂ ਨੂੰ ਕਹਿੰਦੇ ਹਨ:
ਇਹ ਪੁਤ੍ਰ ਸਿਖ ਕੇ ਸਮ ਮਾਨਤਮ।
ਗੁਰ ਪੰਥ ਜਾ ਨਿਰਮਲ ਮਾਨਤਮ॥ ੧੩॥ [ਰਾਸ ੧੧ ਅੰਸੂ ੫੪

ਪਟਨੇ ਤੋਂ ਹਾਲ ਪੰਜਾਬ ਆਉਂਦੇ ਗੋਬਿੰਦ ਦਾਸ (ਗੁਰੂ) ਜੀ ਲਖਨੌਰ ਠਹਿਰੇ ਹਨ, ਉਥੇ ਦਾ ਧਿਆਨ ਤੀਰ ਪੇਸ਼ ਕਰਦਾ ਹੈ:
ਖਰ ਸਾਰ, ਨਿਰਮਲ! ਜਿਨ ਉਪਦਿਸ਼ [ਰਾਸ ੧੨ ਅੰਸੂ ੫੯ ਛੰ: ੨੫

Again:-

ਸਤਿਗੁਰ ਦਰਸਨ ਕਾਟਤ ਪਾਪ।
ਸ਼ਰਨ ਪਰੇ ਨਿਰਮਲ ਹੈ ਆਪ॥ [ਰੁਤ ੩, ਅੰਸੂ ੪੨
ਨਾਨਕ ਪੰਥ ਨਿਰਮਲ ਭਏ।
ਨਿਰਮਲ ਗੁਰ ਕੇ ਪੰਥ।

ਇਤਿਹਾਸ। ਨਿਰਮਲ ਪਦਮ ਤੋਂ ਮਤਲਬ ਸ਼ੁਧ ਜਾਂ ਉਜਲਾ ਹੈ। ਕਿਸੇ ਖਾਸ ਭੇਖ ~~ਤ~~ ਤਥਾ ਪੰਥ ਦਾ ਨਹੀਂ।
ਜਵਾਬ। ਕੋਕੜੂਨੇ ਗੁਰਬਾਣੀ ਵਿਚ 'ਪੰਥ' ਪਦ ਨਾਲ ਅਰਥਨ ਕਰਕੇ

ਭੇਖ ਦਾ ਮਤਲਬ ਜੀ ਤੋਂ ਮਕਰਾ ਹੈ। ਏਸੇ ਤਰ੍ਹਾਂ ਇਸ ਤੁਕ ਵਿਚ [illegible] ਕਿਹਾ ਹੈ:- ਨਿਰਮਲ ਭੇਖ ਅਪਾਰ, ਤਾਸ ਬਿਨ ਅਵਰ ਨ ਕੋਈ॥ [illegible] ਭੇਖ ਸਿਧ ਅਰਥ ਹੈ, ਜਿਸ ਤਰ੍ਹਾਂ ਸਿਖ, ਜੋਗੀ, ਬੈਰਾਗੀ ਤੇ ਸੰਨਿਆਸੀ ਹੋਰ ਤੇ ਭੇਖ ਦਾ ਮਤਲਬ ਹੁੰਦਾ ਹੈ, ਜੇਕਰ ਤਾਂ ਨਿਰਮਲੀ ਅਰਥ ਨਹੀਂ ਰਹਿੰਦਾ।

---

(29) ਅਜਿਹੇ ਫਿਕਰ ਨਾਲ ਪਹਿਲੇ ਨਿਰਮਲੇ ਹੀ ਨਿਕਲੇ ਸਨ। ਕਿ ਜੋ ਪੰਥ ਖਿਆਲ ਦੀ ਸਾਂਝ ਮੰਨਦੇ ਨਹੀਂ, ਕਿਉਂਕਿ ਸਾਰੇ ਨਿਰਮਲੇ ਸੰਤ ਸਨ: ਪੰਥ ਪ੍ਰਕਾਸ਼ ਵਿਚ ਹੈ:-

ਇਕ ਸਿਖ ਪਾਂਚ ਸਿਖ ਕੇ, ਕੀਨੇ ਪਾਵਨ ਦੀਨ।
ਪੰਥਕੋਸ਼ ਉਰ ਮਜਾਨ ਕੇ ਨਿਰਮਲ ਪੰਥ ਪ੍ਰਬੀਨ॥ [ਬਿਸ੍ਰਾਮ ੪੫]

ਇਹ ਦੋਹਰਾ ਭਾਈ ਰਾਮਕੋਰ ਵਾਲੀ ਪੋਥੀ ਵਿਚ ਹੈ, ਉਥੋਂ ਕਰਤਾ ਸ੍ਰਿਸ਼ਟ ਪ੍ਰਕਾਸ਼ ਵਾਲੇ ਨੇ ਲਿਆ ਪ੍ਰਤੀਤ ਹੁੰਦਾ ਹੈ।

ਸੰਮਤ ੧੯੪੨ ਵਿਚ ਪੰਡਿਤ ਸਾਹਿਬ, ਸ੍ਰੀ ਦਸਮੇਸ਼ ਪੰਡਿਤ ਰਘੁਨਾਥ, ਕਰਕੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਿਹਾ। ਪਹਿਲੇ ਤਾਂ ਉਸਨੇ ਪੜ੍ਹਾਨਾ ਸ਼ੁਰੂ ਕੀਤਾ। ਪਰ ਕਰਕੇ ਪਿੱਛੋਂ ਇਕ ਦਿਨ ਪੰਡਿਤ ਜੀ ਨੇ ਪੁੱਛਿਆ, ਤੁਸੀਂ ਵਿਦਿਆਰਥੀਓ! ਤੁਹਾਡੀ ਜਾਤ ਪਾਤ ਕੀ ਕੀ ਹੈ?

ਵਿਦਿਆਰਥੀਆਂ ਨਿਰਮਲੇ (ਸੰਤ), ਅਕਲਮੰਦ ਕਰਨ ਲੱਗੇ ਆਪਣੀ ਜਾਤ ਦੱਸੀ। ਸੁਣ ਪੰਡਿਤ ਜੀ ਨੇ ਆਖਿਆ ਮੈਂ ਕਹਿੰਦਾ ਹਾਂ ਕਿ ਤੁਸੀਂ ਸਭ ਦੇ ਕੀ ਕੀ ਹਨ? ਤੁਸੀਂ ਕਿਸ ਕਿਸ ਜਾਤੀ ਵਿਚੋਂ ਪੈਦਾ ਹੋਏ ਹੋ? ਇਸ ਪ੍ਰਕਾਰ ਪੁੱਛਿਆ ਤਾਂ ਪੰਡਿਤ ਜੀ ਦੇ ਬਚਨ ਸੁਣ ਕੇ ਵਿਦਿਆਰਥੀਆਂ ਜਟ, ਤ੍ਰਖਾਣ, ਅਰੋੜੇ ਕਿਸੇ ਖਤ੍ਰੀ ਆਦਿ ਆਪੋ ਆਪਣੀ ਜਾਤ ਦਸ ਸੁਣਾਈ, ਤਾਂ

ਪੱਖਤਾ = Bias। ਨਿਰਪੱਖਤਾ = unbiased, balanced

ਸੁਣਦੇ ਸਾਰ ਪੰਡਿਤ ਤ੍ਰਪਤ੍ਰਪਾਤ ਹੋ ਗਿਆ। ਅਰ ਮਨ ਵਿਚੇ ਸੋਚਣ ਲਗਾ ਕਿ ਇਹ ਤਾਂ ਜਾਤਿ ਕੁਜਾਤਿ ਹੋਣ ਦੇ ਕਾਰਣ ਸੂਦਰ ਹਨ, ਵੇਦ ਬਾਣੀ ਦੇ ਅਧਿਕਾਰੀ ਕਿਸੇ ਤਰਾਂ ਭੀ ਨਹੀਂ ਹੋ ਸਕਦੇ। ਕਿਉਂਕਿ ਸੂਦਰ ਨੂੰ ਵੇਦ ਬਾਣੀ ਪੜ੍ਹਨ ਦਾ ਅਧਿਕਾਰ ਨਹੀਂ, ਇਉਂ ਵਿਚਾਰਦਾ ਰਿਹਾ

(ਈ) ਅੰਤ ਪੰਡਿਤ ਨੇ ਘਰ ਆਕੇ ਇਹ ਬਾਤ ਪੰਡਿਤ ਚੰਦ੍ਰਭਾਨ, ਪੰ: ਜਨਾਰਦਨ, ਪੰ: ਦੁਰਗਾਦਤ, ਅਰ ਪੰਡਿਤ ਮਹੇਸ਼ਰਤਨ ਆਦਿਕ ਨਾਲ ਕੀਤੀ, ਜਿਨ੍ਹਾਂ ਉਨ੍ਹਾਂ ਭੀ 'ਨਾ-ਜੋਗ' ਕਰਕੇ ਹੋਰ ਦੂਣੇ ਮਨ ਖੋਟਾ ਕਰ ਦਿਤਾ।

ਤਦ ਪੰਡਿਤ ਰਘੁਨਾਥ ਨੇ, ਦੂਸਰੇ ਦਿਨ ਸੰਤ ਦਰਸ਼ਨ ਦੇ ਪਹੁੰਚਨ ਵੇਲੇ ਸ੍ਰੀ ਗੁਰੂ ਜੀ ਨੂੰ ਜਵਾਬ ਦੇ ਦਿਤਾ, ਅਰ ਆਖਿਆ ਕਿ ਹੇ ਗੁਰੂ ਜੀ! ਇਹ ਸਭ ਸੂਦਰ ਹਨ, ਜੋ ਕਿ ਵੇਦ ਬਾਣੀ ਸੰਸਕ੍ਰਿਤ ਪੜ੍ਹਨ ਪੜ੍ਹਾਨ ਦੇ ਅਧਿਕਾਰੀ ਨਹੀਂ ਹੋ ਸਕਦੇ। (ਵੇਦਾਂਤ ਸੂਤ੍ਰ ਅਧਿਆਇ ੧, ਪਾ ੩, ਸੂਤ੍ਰ ੩੮)

ਗੁਰੂ ਸਾਹਿਬ ਨੇ ਬਹੁਤੇਰਾ ਸਮਝਾਇਆ, ਪਰ ਉਸ ਨਾ ਮੰਨਿਆ।

ਦੋਹਰਾ ਛੰਦ। ਸਭ ਹਰਿ ਦ੍ਵਿਜ ਵਰ, ਹਰਿਜਨ, ਮਹਿਮਾਹ, ਚੌਦਸਿ ਜੋਈ।
ਸਭ ਹਰਿ ਤੈ ਦ੍ਵਿਜ ਪਠਨ ਪਠਨ ਕਰ, ਜਿਹ ਸਭ ਸੂਦਰ ਹੋਈ।
(ਦੇਖੋ ਸਰਬ ਲੋਹ ਪ੍ਰਕਾਸ਼)

ਹੇ ਪੰਡਿਤ ਜੀ! ਜਿਨ੍ਹਾਂ ਨੂੰ ਤੁਸੀਂ ਸੂਦਰ ਆਖਦੇ ਹੋ, ਇਹੋ ਹੀ ਮੇਰੇ ਸੰਤ ਹਰ ਇਕ ਪ੍ਰਕਾਰ ਦੇ ਗੁਣਾਂ ਵਿਚ ਸਿਰੋਮਣੀ, ਵੇਦ ਸ਼ਾਸਤ੍ਰ ਆਦਿ ਸਭਨਾਂ ਵਿਦਿਆਂ ਵਿਚ ਉਤਮ ਹੋਣਗੇ। ਇਹਨਾਂ ਨਿਰਮਲਿਆਂ ਕੋਲੋਂ ਬ੍ਰਾਹਮਣ ਆਦਿ ਵੇਦ ਵਿਦਿਆ ਪੜ੍ਹਿਆ ਕਰਨਗੇ।

ਅੰਤ ਨੂੰ ਕਿਹਾ ਕਿ ਹੁਣ ਤੁਸੀਂ ਕਾਸ਼ੀਪੁਰੀ ਜਾਕੇ ਪੜ੍ਹੋ। ਤੇਰਾਂ ਅਰਦਾਸੀਆਂ ਨੂੰ ਜਾਨ ਵਾਲੀ ਕਰਨੀ ਹੋਵੇਗੀ। ਗੁਰੂ ਸਾਹਿਬ ਨੇ ਇਹਨਾਂ ਵਿਚੋਂ ਪੰਜ ਚੁਣੇ, ਜਿਨ੍ਹਾਂ ਦੇ ਨਾਮ ਸਨ: ਕਰਮ ਸਿੰਘ, ਰਾਮ ਸਿੰਘ, ਸੋਭਾ ਸਿੰਘ, ਬੀਰ ਸਿੰਘ ਤੇ ਗੰਡਾ ਸਿੰਘ।* ਇਹਨਾਂ ਨੂੰ ਬ੍ਰਹਮਚਰਜ ਆਸ਼੍ਰਮ ਦਾ ਬਾਣਾ ਪਹਿਨਾਇਆ, ਅਰਥਾਤ

---

*ਖ਼ਿਆਲ ਹੈ ਕਿ ਇਹ ਅੰਮ੍ਰਿਤ ਛਕਾਣ ਤੋਂ ਪਿਛੋਂ ਦਾ ਵਾਕਿਆ ਹੈ। [illegible]

ਗੁਰੂ ਜੀ ਨੇ ਬਚਨਾਂ ਦੀਆਂ ਗਾਠੀਆਂ ਪਹਿਨਾ ਕੇ, ਸੰਸਕ੍ਰਿਤ ਦੇ ਪੁਸਤਕਾਂ ਉਨ੍ਹਾਂ ਦੇ ਗਾਵਿਆਂ ਵਿਚੋਂ ਸਮਰਥਨ ਕਰਦੇ ਹੋਏ ਕਾਫ਼ੀ ਗਿਆਨ ਕਰ ਲਿਤੇ। ਪਿਛੋਂ ਪੰਜ ਪੀਰ ਦੇ ਹੋਰ ਦਸਤੇ ਭੇਜੇ। ਉਥੇ ਪਹੁੰਚ ਕੇ ਇਨ੍ਹਾਂ ਨੇ ਇਕ ਨਿਰੰਕਾਰੀ ਥਾਂ ਕਰਤੇ ਬ੍ਰਾਹਮਣ ਦੇ ਦੇਵ (ਬੋਹੜ) ਦੇ ਬ੍ਰਿਛ ਹੇਠਾਂ ਪਾਸ ਡੇਰਾ ਦੀਆਂ ਕੁਟੀਆਂ ਬਣਾਈਆਂ ਜਿਥੇ ਹੁਣ ਰਤਨ ਦੇਵ ਵਿਦਿਆਲਯ ਰੇਲਵੇ ਸਟੇਸ਼ਨ ਦਾ ਨਿਰਮਲੇ ਸੰਤਾਂ ਦਾ ਵਿਸ਼ੇਸ਼ ਪ੍ਰਸਿੱਧ ਵਿਚੋਂ ਭਾਰਾ ਅਖਾੜਾ ਹੈ। ਅਰ ਇਕ ਪੰਡਿਤ ਸਦਾਨੰਦ ਜੀ ਪਾਸੋਂ, ਨਿਤ ਸੰਸਕ੍ਰਿਤ ਪੜ੍ਹਨ ਦਾ ਪ੍ਰਬੰਧ ਹੋ ਗਿਆ। ਉਨ੍ਹਾਂ ਪ੍ਰਸਿੱਧ ਦਾ ਕੰਮ ਭਿਖਿਆ ਦਵਾਉਣੇ ਨਿਰਜਤਨ ਹੀ ਕਿਤਾ ਕਿਤਾ ਦਿਨ ਵਿਚ ਇਕ ਵਾਰ ਹੋ ਜਾਂਦਾ ਸੀ॥ ਉਸ ਸਮੇਂ ਕਾਸ਼ੀ ਪੁਰੀ ਵਿਚ, ਕੋਈ ਹੋਰ ਸਾਧਾਰਨ ਤਥਾ ਸੰਗਤ ਪਰਮ ਸਾਧੂ ਮਹਾਂਪੁਰਖ ਦਾ ਕੋਈ ਪ੍ਰਬੰਧ ਨਹੀਂ ਸੀ। ਨਾ ਹੀ ਕੋਈ ਨਿਯਤ ਪਾਠਸ਼ਾਲਾ ਜਾਂ ਗੁਰੂਕੁਲ ਦਾ ਹੀ ਪ੍ਰਬੰਧ ਸੀ ਫਿਰ ਭੀ ਵਿਦਿਆਰਥੀ ਪੜ੍ਹਦੇ ਸੇ ਅਰ ਪੜ੍ਹਨ ਵਿਚ ਅਧਿਕ ਮਿਹਨਤ ਕਰਦੇ ਸੇ। ਇਸ ਤੇ ਸੰਪੂਰਨ ਦਇਆ ਕਰਕੇ ਨਿਆਇ ਸ਼ਾਸਤ੍ਰ ਉਨ੍ਹਾਂ ਪ੍ਰੇਮੀ ਦੇ ਕਈ ਪੰਡਿਤ ਹੋ ਗਏ। ਇਨ੍ਹਾਂ ਦਾ ਪ੍ਰੇਮ, ਪਰਮ ਪ੍ਰਕਾਰ ਦੀ ਰੁਚੀ, ਸਭ ਵਿਚ ਫੈਲਿਆ ਨਿਆਇਣ ਦੀ ਉਮੰਗ ਸੀ। ਇਸ ਪ੍ਰਕਾਰ ਕਰਮ ਸਿੰਘ ਆਦਿ ਕਈ ਜੋਗ ਪੰਡਿਤ ਹੋ ਗਏ। ਅਰ ਇਹ ਗੁਰੂ ਜੀ ਪਾਸ ਵਾਪਸ ਆ ਕੇ ਦਰਬਾਰ ਵਿਚ ਮਹਾਭਾਰਤ ਅਤੇ ਸ਼ੁਕ੍ਰਨੀਤੀ ਤਥਾ ਉਪਨਿਸ਼ਦਾਂ ਆਦਿ ਦੀ ਕਥਾ ਭੀ ਸੁਣਾਉਂਦੇ ਰਹੇ

(੩੭) ਹੋਰ ਭਵਿਸ਼ਯਪੁਰਾਣ, ਮਾਰਕੰਡੇਯਪੁਰਾਣ, ਦੇਵੀ ਭਾਗਵਤਪੁਰਾਣ, ਸ਼ੁਕ੍ਰਨੀਤੀ, ਚਾਣਕ, ਅਰ ਮਹਾਭਾਰਤ* ਅਨੇਕਾਂ ਭਾਸ਼ਾ ਵਿਚ ਸਭ ਕਰਕੇ ਪੜ੍ਹਾਏ। ਪ੍ਰੰਤੂ ਮਹਾਭਾਰਤ ਉਪਨਿਸ਼ਦ ਅਤੇ ਚਾਣਕੇ ਤੋਂ ਸਿਵਾਇ ਹੋਰ ਪੁਸਤਕ ਹੁਣ ਦੇਖਣ ਵਿਚ ਨਹੀਂ ਆਉਂਦੇ। ਕਿਉਂਕਿ ਅਨੰਦਪੁਰ ਛਡਣ ਸਮੇਂ ਲੋਕਾਂ ਨੇ ਸਰਸੇ ਵਿਚ ਪੁਸਤਕ ਰੁੜ੍ਹ ਗਏ, ਸ਼ਾਇਦ ਉਨ੍ਹਾਂ

---

* ~~A Copy~~ ਮਹਾਭਾਰਤ with Baboo Dhyan Singh Draftsman Workshop Insein (Burma). At the beginning of each [illegible]
[illegible]

ਇਕਠ ਸਿੰਘਾਂ ਕਰਕੇ ਹੋਏ।

چندن سنگھ نے کی کتھا + جسپر اور کچھ سکھوں نے اسکا گھر لوٹ لیا + گورو صاحب کے پوچھنے پر اسنے کہا۔
کہ میرے گھر میں اور بھی جو کچھ ہے لے لیں۔ اور انکو چھوڑ دیا جائے + جسپر گورو صاحب نے اسکی بہت تعریف کی
وہ پرکاش میں ایک چھند اس مطلب کا ہے

چند پہلے مسندوں کے نام ہیں: ننہ لعل۔ بخت مل۔ اجیت مل۔ بھائی دیال۔ نند۔ چند۔ سنگرا کا
کابل مل۔ صحت سنگھ لکھی والا۔ رائے گورا بھٹنیری۔ رائے اودا امیٹھی والا۔ رائے جیت
ڈیڈو والے دا [اور راجے جو بادشاہ یا سوں باغی ہو کے گورو کے پاس آ رہے تھے

ਤਰ ਦੇ ਦੀ ਨਿਰਮਲਿਆਂ ਵਿੱਚ ਮਸੂਰਕੀ ਦੀ ਰਾਗ ਦੇ ਕਰਾਏ ਤੋਂ ਲੈ ਕੇ ਦਾ ਆਖਿਰ
ਰਹਾਣ ਹੀ।

کچھ اور کیسوں کا ذکر بھاگوت دسم اسکندھ ادھیائے ۱۔ شلوک ۳۴
کیس اور داڑھی کا ذکر چاندو گیہ ادھیائے ۱ ۔ کھنڈ ۶ میں ہے سورج کے

نہنگوں کے بولے: (۱) پانی کا ارتھ کرنے = گورو جی دی بانی دا ڈُدھ پاؤندا ہے
(۲) لیف کا نام افلاطون
(۳) جھج کا نام ۔ عدالتی
(۴) کدال یا کھی کا نام ۔ پتالپوری
(۵) ساگ کا نام سبز پلاؤ

کچھ کڑا ۔ کرپان کا دھنا سنتوں کے واسطے ضروری نہیں + یہہ شرع ضروری فرض نہیں لگائے

انوپ کور کا چرتر ۱۴ وار دسم گرنتھ میں ۔ گورو صاحب بھلو سا گرے ہیں کرتے

کہاوت جیسا دیس ویسا بھیس ۔ تیڑ لنگی موڈھے کھیس
گورو صاحب نے نادر ان میں یہہ بھیس کیا

گورو صاحب نے ناندیڑ میں گرنتھ صاحب دی گدی دی جانشینی دا حکم دتا [illegible]

[illegible] والے دن بنجاب تے خوشی خبری دی

ਇਤਨੇ ਵਿਚ ਕਥਾ ਸਮਾਪਤ ਹੋ ਗਿਆ ਜੀ ਬੰਦੇ ਦਾ ਸੁਣਿਆ ਪੰਜਾਬ ਤੋਂ ਸੱਚਾਇਸ਼ ਦੀ ਗਈਆਂ ਆਗਿਆਂ, ਜਿਸਨੇ ਸਮਾਣਾ, ਸਢੌਰਾ, ਕੀਜਪੁਰਾ, ਛਤ ਬਨੂੜ, ਸਰਹਿੰਦ ਆਦਿ ਤੁਰਕਾਣੀ ਸ਼ਹਿਰਾਂ ਦਾ ਤਬਾਹ ਕਰਨਾ ਵਜ਼ੀਦ ਖਾਂ ਸੂਬਾ, ਸੁੱਚਾਨੰਦ ਦੀਵਾਨ ਆਦਿ ਦੋਖੀਆਂ ਦਾ ਕਤਲ ਕਰਨਾ, ਸਾਹਿਬਜ਼ਾਦਿਆਂ ਦਾ ਵੈਰ ਲੈਣਾ ਆਦਿ ਸੁਣਾਇਆ। ਸੁਣਕੇ ਗੁਰੂ ਜੀ ਅਤਯੰਤ ਆਨੰਦ ਹੋਏ। ਬੰਦੇ ਨੂੰ ਮਨ ਇੱਛਿਤ ਦੇਕੇ ਨਿਹਾਲ ਕੀਤਾ"

[illegible] ۱۷۰۸ [illegible] گورو صاحب [illegible]

ਤੂ ਸਾਰਾ ਹੀ ਲਿਖਾਰ ਮਨਘੜੰਤ ਜਾਣ [illegible] ਦਾ ਹੈ।

---

276 ਗੁਰੂ ਗ੍ਰੰਥ ਸਾਹਿਬ ਮੈਂ ਸੰਤਾਂ ਦੀ ਮਹਿਮਾ ਅਧਿਕ ਹੈ, ਸੋ ਮਹਿਮਾ ਜਿਸਤੇ ਸੰਤਾਂ ਦੀ ਜਾਣਣੀ। ਗ੍ਰੰਥ ਸਾਹਿਬ ਵਿਚ ਭਗਵੇਂ (ਕਥਾਏ) ਲੋਗ ਆਦਿ ਜਾਪਦਾ ਦੀ ਅਧਿਕ ਮਹਿਮਾ ਹੈ, ਜਿਸਤਰ੍ਹਾਂ:- [illegible]

(ੳ) ਬੈਸਨੋ ਜਿਨਕੇ ਹਰਿ ਕੀਰਤ ਤਿਨ ਕੇ ਪਾਸ।

(ਅ) ਜਾਗਾ ਬੈਰਾਗ ਤੋਂ ਤਰ ਸੋਇਆ।

(ੲ) ਨਾਨਕ ਨਾਮੋ ਨਾਲ ਹੈ ਪਰੇ ਰੱਤਾ ਸਦਾ।

(ਸ) ਸਦਾ ਰੰਗ ਮਜੀਠ ਕਾ ਦੂਣੀ ਚੜ੍ਹੇ ਚੜ੍ਹਾਉ।

(ਹ) ਜੋਗੀ ਜਤੀ ਜੁਗਤ ਮਹਿ ਰਹਿਤ, ਕਰਿ ਕਰਿ ਭਗਵੇ ਭੇਖ ਭਏ। ਤਉ ਕਾਹੂ ਸਾਹਿਬ ਰੰਗ ਰੱਤੇ॥

(ਕ) ਨਾਮ ਗੁਲਾਲ ਸਰਿਕਰ ਸਦਾ ਰੰਗ ਚੜ੍ਹਾਉ।

(ਖ) ਨਾਮ ਰੰਗ ਤਿਸ ਕਉ ਲਗਾ ਜਿਸਕੇ ਵਡਭਾਗ।

(ਗ) ਮਨ ਵਿਚ ਸਹਜੈ ਭਗਵੇਂ ਪਰ, ਰਾਚਨ ਮੈ ਉਪੀਆ ਸਹਿ ਲੈਤੇ

(ਘ) ਭਗਵੇਂ ਸੁਭੇਖ ਧਾਰੇ ਲੋਕਾਂ ਦੀ ਵਡਿਆਈ ਮਹੀਓ [ਪ੍ਰਤਯਾਂ 20]

ਚਿਟੇ ਬਸਤ੍ਰਾਂ ਪਰ

(ੳ) ਚਿਟੈਂ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ।
ਕਰਤਾ ਚਿਤ ਨ ਆਵਈ ਸੇ ਪਸੂਆ ਸੇ ਢੋਰ ਜੀਉ।

(ਅ) ਬਗਾ ਬਗੇ ਕਪੜੇ ਤੀਰਥ ਮੰਝ ਵਸੰਨਿ।
ਘੁਟ ਘੁਟ ਜੀਆਂ ਖਾਵਣੇ ਬਗੇ ਨ ਕਹੀਅਨਿ।

(ੲ) ਊਜਲ ਪਹਿਰੇ ਕਾਪੜੇ ਪਾਨ ਸੁਪਾਰੀ ਖਾਹਿ।
ਏਕਸੁ ਹਰਿ ਕੇ ਨਾਮ ਬਿਨ ਬਾਧੇ ਜਮਪੁਰ ਜਾਹਿ।

ਕਾਲੇ ਬਸਤ੍ਰਾਂ ਪਰ

(ੳ) ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।

(ਅ) ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ
ਗੁਨਹੀ ਭਰਿਆ ਮੈਂ ਫਿਰਾਂ ਲੋਕ ਕਹੈ ਦਰਵੇਸੁ।

(ੲ) ਨੀਲਾ ਕਾਲਾ ਕੈ ਪੋਸ਼ਨਾ

ਨੰਗਿਆਂ ਤੇ ਖਾਕੀਆਂ ਪਰ

(ੳ) ਅਜਾਮਨ ਖਾਈ ਸਿਰ ਛਾਈ ਪਾਈ।
ਮੂਰਖ ਅੰਧੈ ਪਤ ਗਵਾਈ।

(ਅ) ਨਗਨ ਗਰਬਾ ਬਿਭੂਤ ਧਾਰੀ।

ਸਿਰ ਮੁਨਿਆਂ ਤੇ ਰੋੜਿਆਂ ਪਰ

(ੳ) ਮੂੰਡ ਮੁੰਡਾਏ ਜੇ ਸਿਧਿ ਪਾਈ ਮੁਕਤੀ ਭੇਡ ਨ ਗਈਆ ਕਾਈ।

ਜਤੀਆਂ ਪਰ

(ੳ) ਬਿੰਦ ਰਾਖ ਜੌ ਤਰੀਐ ਭਾਈ।
ਖੁਸਰੈ ਕਿਉਂ ਨਾ ਪਰਮ ਗਤਿ ਪਾਈ।

ਇਤਿਆਦੀ ਅਨੇਕਾਂ ਫਕਰ ਪਖੰਡੀਆਂ ਦੇ ਪਖੰਡ ਖਿਲਾਫ ਪਰਚਾਰ, ਜਥਾਰਥ (literally) ਨਹੀਂ ਮੰਨ ਸਕਦੇ। ਫਕਰਦੀ ਬਾਤਾਂ ਦਾ ਖੰਡਨ ਹੈ, ਭੇਖ ਦਾ ਖੰਡਨ ਨਹੀਂ ਹੈ। ਇਸ ਵਿਚ ਗੁਰੂ ਸਾਹਿਬ ਚਿਤਾਵਨੀ ਹੈ ਕਿ ਨਾਲ ਵਿਖੇ ਤਾਂ, ਪਰ, ਸੰਤੋਖ ਵਾਧਰ

ਕ੍ਰਿਆ ਦੀ ਸਮਰਥਾ ਹੁੰਦੀ ਹੈ, ਪਰੰਤੂ ਪਹਿਲੇ ਪੇਸ਼ਵਾਜ਼, ਪੱਧਰ, ਅਨਿਕ ਨਿਵਾਸ ਦੀ ਜ਼ਰੂਰੀ ਹੁੰਦਾ ਹੈ। ਜਿਸਤਰਾਂ ਵਿਚ ਬਗਾਵਤ ਗੰਭੀਰਤਾ ਦੀ ਸਮਰਥਾ ਹੈ, ਪਰੰਤੂ ਬਾਹਰੀ ਸਹਾਇਤਾ ਬਿਨਾਂ ਸੰਭਾਵਿਤ ਨਹੀਂ ਹੁੰਦਾ ਹੈ। ਏਸੇ ਪ੍ਰਕਾਰ ਪੰਥ ਵਿਚ ਤਾਕਤੀ ਆਦਿਕ ਦੇਣੀ ਗੁਣਾਂ ਦੀ ਸਮਰਥਾ ਹੁੰਦੀ ਹੈ, ਪਰੰਤੂ ਓਹਦੇ ਬਿਨ ਬਿਨਾਂ ਪਰਤਾਪ ਨਹੀਂ ਹੋ ਸਕਦੀ ਜਾਂ ਤੇ ਭੀ ਭਗਤਾਂ ਭੇਖ ਸਮਾਜ ਅਦ੍ਰਿਸ਼ਕ ਹੈ।

ਨਿਰਮਲਿਆਂ ਦੀ ਸਨਦਾਂ ਦੁਆਰੇ ਪ੍ਰਾਚੀਨਤਾ।

(੬੩) ਪੰਡਤ ਦਰਗਾਹਾ ਸਿੰਘ ਨਿਰਮਲੇ ਨੇ ਲਾਹੌਰ ਸਾਹਿਬ ਤੋਂ ਆ ਕੇ ਪੰਜਾਂ ਛਿਆਂ ਸਾਧੂਆਂ ਸਮੇਤ ਸੰਮਤ ੧੭੯੭ (A.D. 1740) ਵਿਚ **ਕਨਖਲ*** (ਹਰਿਦੁਆਰ) ਗੁਰਦੁਆਰੇ* ਵਿਖੇ ਆਣ ਨਿਵਾਸ ਕੀਤਾ। ਪੰਡਤਾਂ ਦੀਆਂ ਤ੍ਰੈਪੜੀਆਂ ਬਹੁਤ ਹਾਂ ਦੀਆਂ, ਅਰ ਆਪ ਇਕ ਪਿੰਡ* ਦੇ ਤ੍ਰਿਕਉਪਾਰਜੀ ਕਈ ਸਾਲ ਰਿਹਾ ਕੇ। ਆਪ ਇਕ ਗਿਣਤੀ ਦੇ ਤੀਰਅੰਦਾਜ਼ ਸਨ। ਇਸ ਕਸਬੇ ਦੇ ਮਾਲਕ ਰਾਇ ਅਮਰ ਰਾਜਪੂਤ ਨੂੰ ਨਜੀਬ ਕਾਰੀਦੇ ਹਮਲਿਆਂ ਦੇ ਜੰਗ ਵਿਚੋਂ ਸਹਾਇਤਾ ਦੇਕੇ ਬਚਾਇਆ। ਇਸ ਸਭ ਸੰਗਤ ਪਰ ਰਾਇ ਨੇ ਪ੍ਰਸੰਨ ਹੋਕੇ

---

* ਕਨਖਲ (ਹਰਿਦੁਆਰ) ਦਾ ਨਾਮ ਹੁਣ ਸਰਕਾਰੀ ਕਾਗਜ਼ਾਤ ਅੰਦਰ 'ਸ਼ੇਖੂਪੁਰਾ' ਹੈ, ਤੇ ਇਤਿਹਾਸ ਵਿਚ 'ਸ਼ਾਹਪੁਰ' ਹੈ। ਸੰਮਤ ੭੫੧ ਵਿਚ ਇਹ ਰਾਜਕ ਸਨ, ਅਸਬਾਬ ਇਹ ਵਪਾਰੀ ਸੀ, ਅਰ ਸੰਮਤ ੬੫੪ ਵਿਚ ਰਾਜਾ ਤੇ ਸ਼ਿਰੋਮਣੀ ਕਸਬੇ ਬੈਰਾਗੀ ਵਿਚ ਜਾ ਵਸਿਆ, ਜਿਥੋਂ ਮੁਸਲਮਾਨ ਕਾਬਜ਼ ਹੋ ਗਏ। (See History of Saharanpur)

ਇਹ ਗੁਰਦੁਆਰਾ ਤੀਸਰੀ ਪਾਤਸ਼ਾਹੀ ਜੀ ਦੇ ਸਮੇਂ ਸਮੇਂ ੨੧ ਵਾਰ ਨਿਵਾਸ ਕਰਨ ਦਾ ਅਸਥਾਨ ਹੈ। ਅਤੇ ਜਿਥੇ ਗੋਇੰਦਵਾਲ ਸਿੱਖ ਜੀ ਰਹਿੰਦੇ ਸਨ, ਉਨ੍ਹਾਂ ਦੇ ਦੇਖਣੇ ਕਰਿਆ ਗਿਆ ਹੈ।

ਕਿਹਾ, ਬਾਬਾ ਜੀ! ਆਪ ਜਿਥੇ ਤਾਈਂ ਘੋੜੇ ਜ਼ਮੀਨ ਘੇਰ ਲਵੋ। ਤਾਂ ਸੰਤਾਂ ਜਿਤਨੀ ਮੁਨਾਸਬ ਜਾਣੀ ਉਤਨੀ ਜ਼ਮੀਨ ਘੇਰ ਲਈ ਅਰ ਆਪਣਾ ਡੇਰਾ ਕਾਇਮ ਕੀਤਾ। ਪਿੱਛੋਂ ਰਾਜਾ ਆਲਾ ਸਿੰਘ ਨੇ ੧੬ ਪਿੰਡ ਜਾਗੀਰ ਸੰਮਤ ੧੭੯੩ ਵਿਚ ਸੰਨਦ (ਪੱਟੇ) ਲਿਖ ਦਿੱਤਾ ਜੋ ਹੁਣ ਤਕ ਵਾਰਸਾਂ ਦੇ ਪਾਸ ਹੈ।

ਐਸੇ ਹੀ ਅਰਥਾਤ ਪਹਿਲੇ ਅੰਦਰ, ਪਿੱਛੋਂ ਜ਼ਮੀਨ ਦੇ ਮਾਲੀ ਮੰਨਦਾ, ਸ਼ਾਹੀ ਸਰਕਾਰ, ਅਰ ਮਹਾਰਾਜਾ ਪਟਿਆਲਾ* ਆਦਿ ਨੇ ਆਪਣੀਆਂ ਹਵੇਲੀਆਂ ਬਣਵਾਈਆਂ, ਅਰ ਬਦਲੇ ਵਿੱਚ ਜਾਗੀਰਾਂ ਦਿੱਤੀਆਂ, ਜੋ ਹੁਣੀਆਂ ਉਨ੍ਹਾਂ ਦੇ ਰਾਜ ਭਾਗ ਨਾਲ ਹੀ ਜਾਂਦੀਆਂ ਰਹੀਆਂ, ਪਰੰਤੂ ਪਟਿਆਲੇ ਦਾ ਗਾਉਂ 'ਭੁਪਤਵਾਲਾ' ਅਜੇ ਤਕ ਆਬਾਦ ਹੈ॥

(੨) ਜਤੌਨਵਾਲ† ਦਾਂਮੀ, ਧਬੇਕਸਰ (ਅੰਮ੍ਰਿਤਸਰ), ਬਾਬੇ ਮੋਹਰ ਸਿੰਘ‡ ਜੋਗੀ ਰਾਜ ਦਾ ਮਕਾਨ, ਆਦਮਪੁਰ (ਜ਼ਿਲਾ ਹੁਸ਼ਿਆਰਪੁਰ) ਵਾਲਾ ਮਕਾਨ, ਬਠਿਆਲਾ (ਰਿਆਸਤ ਪਟਿਆਲਾ); ਹਰੀਕੇ° ਕਲਾਂ, ×ਕੋਟਕਪੂਰਾ ਅਤੇ ਨੀਵਰੀ ਵਾਲਾ ਆਦਿ ਸੰਤਾਂ ਦੇ ਮਕਾਨ ਮਸ਼ਹੂਰ ਜੋ ਸੰਮਤ ਦੇ ਦੇਸ ਭਾਗਾਂ ਦੇ ਪ੍ਰਸਿੱਧ ਚਲੇ ਆ ਰਹੇ ਹਨ, ਜਿਨ੍ਹਾਂ ਵਿਚ ਅਕਾਲ ਸੰਤ ਨਿਰਮਲੇ ਨਿਵਾਸ ਕਰਦੇ ਚਲੇ ਆ ਰਹੇ ਹਨ। ਇਨ੍ਹਾਂ ਮਕਾਨਾਂ ਦੀਆਂ ਸੰਨਦਾਂ ਲਿਖਤਾਂ ਮੌਜੂਦ ਹਨ। ਹਰੀਕੇ ਕਲਾਂ ਸੰਮਤ ੧੭੭੦ ਵਿਚ ਸੰਤ ਜੋਗਾ ਸਿੰਘ ਨੇ ਵਸਾਇਆ ~~(See Settlement Report 1852 Dist Ferozepur)~~। ×ਕੋਟਕਪੂਰੇ ਵਾਲਾ ਮਕਾਨ ਸੰਮਤ ੧੮੦੦ ਵਿਚ ਆਬਾਦ ਹੋਇਆ। ਏਥੇ ਹੀ ਪੰਡਤ ਗੁਲਾਬ ਸਿੰਘ ਨਿਰਮਲੇ ਨੇ ਅਧਿਆਤਮ ਰਾਮਾਇਣ ਭਾਖਾ ਛੰਦ ਬੱਧ ਕੀਤਾ। — (ਸਰ ਅਤਰ ਸਾਧੂ ਸਿੰਘ ਪਾਸ ਹੈ)

ਕੁਰਖੇਤਰ ਪ੍ਰਾਚੀ ਛਾਉਣੀ ਜਾ ਕੀਨ ਨੇਸ਼ ਵਖਾਨ।

ਖੰਡੂਰ ਸਾਹਿਬ ਅੰਦਰ ਦਸਮ ਪਾਤਸ਼ਾਹ ਨੇ, ਜਿਥੇ ਸ਼ਾਹੀ ਰਾਜਾ ਪੰਜਾਬ ਸਿੰਘ ਨੂੰ ਸ੍ਰੀ ਦਸਮੇਸ਼ ਜੀ ਨੇ ਪੰਜਾਂ ਪਿਆਰਿਆਂ ਤੋਂ ਆਪਣੇ ਰੂਬਰੂ ਅੰਮ੍ਰਿਤ ਛਕਾਇਆ। ਜਿਥੇ ਹੋਵੇ

---

* ਪਟਿਆਲੇ ਦੀ ਹਵੇਲੀ ਮਹਾਰਾਜਾ ਕਰਮ ਸਿੰਘ ਨੇ ਸੰਮਤ ੧੮੭੬ ਵਿਚ ਬਣਵਾਈ

† ਪ੍ਰਥਮ ਸੰਮਤ ੧੭੯੩ ਵਿਚ ਏਥੇ ਨਿਰਮਲ ਪਹੁੰਚੇ ਭੇਜੇ ਸੋ ਰਹੇ। ~~ought to be much later~~

‡ ਬਾਬੇ ਮੋਹਰ ਸਿੰਘ ਦੀ ਆਯੂ ੧੪੫ ਸਾਲ ਦੀ ਹੋਈ (ਤਵਾਰੀਖ ਗੁਰੂ ਖਾਲਸਾ)

° ਬਾਬਾ ਜੋਗਾ ਸਿੰਘ ਨਿਰਮਲੇ ਦੀ ਜਨਮਭੂਮੀ (ਮੁਕਤਸਰ ਕੋਟਕਪੂਰਾ) ਪ੍ਰਸਿੱਧ ਹੈ। ਪਿਤਾ ਦਾ ਨਾਮ ਪ੍ਰਤਾਪ ਸਿੰਘ ਜੀ, ਮਾਂ ਦਾ ਨਾਮ ਦੇਸਾਂ ਜੀ ਅਤੇ ਭੈਣ ਦਾ ਨਾਮ ਕਰਮੀ। ਵਿਚ ਭਿਰਾ ਦਾ ਨਾਮ ਮੰਗਲ ਸਿੰਘ ਜੀ।

ਲੋਕਾ ਸਿੰਘ ਨੇ ਪੂਰਬ ਦੇਸ਼ਾਂ ਦੇ ਇਲਾਕੇ ਵਿਖੇ ਇਤਨਾ ਗੁਰਮਤਿ ਦਾ ਪ੍ਰਚਾਰ ਵਧਾਇਆ ਜਿਤਨਾ ਅਜੇ ਤਕ ਹੋਰ ਕਿਸੇ ਪਾਸੋਂ ਹੋਇਆ ਸੁਣਨ ਵਿਚ ਨਹੀਂ ਆਇਆ।

ਨਿਰਮਲਿਆਂ ਦੀ ਲੇਖਾਂ ਦੁਆਰੇ ਪ੍ਰਾਚੀਨਤਾ।

ਗੁਰਬਿਲਾਸ ਛੇਵੀਂ ਪਾਤਸ਼ਾਹੀ, ਜੋ ਸੰਮਤ ੧੭੭੫ ਵਿਚ ਲਿਖਿਆ ਗਿਆ ਕਹਿੰਦਾ ਹੈ:-

(ੳ) ਗੁਰੂ ਅਰਜਨ ਜਾ ਬੈਠਕਰ, ਬਾਂਧੀ ਸੀਤੂ ਸੁ ਕੰਧ।
ਜਾ ਪ੍ਰਸਾਦ ਸਭੁ ਜਗਤ ਮੈਂ, ਚਲਤ ਹੈ ਨਿਰਮਲ ਪੰਥ॥

ਗੁਰੂ ਪ੍ਰਤਾਪ ਸੂਰਜ ਪ੍ਰਕਾਸ਼, ਖੰਡੇ ਦੇ ਅੰਮ੍ਰਿਤ ਦਾ ਜ਼ਿਕਰ ਕਰਦਾ ਲਿਖਦਾ ਹੈ:-

(ਅ) ਇਹ ਬਿਧਿ ਪੰਚੋ ਸਿੰਘੋਂ ਕੋ, ਖੰਡੇ ਪਾਹੁਲ ਦੀਨ।
ਪੰਚ ਕੇਸ ਉਰ ਜਾਨਕੇ, ਨਿਰਮਲ ਪੰਥ ਸੁ ਕੀਨ॥

ਨਿਰਮਲਿਆਂ ਦੀ ਪੁਸਤਕ ਰਚਨਾ ਦੁਆਰੇ ਪ੍ਰਾਚੀਨਤਾ।

(ੳ) ਪੰਡਿਤ ਗੁਲਾਬ ਸਿੰਘ ਜੀ ਨਿਰਮਲੇ ਕੁਰੁਖੇਤ੍ਰ ਵਾਲੇ ਅਨੇਕਾਂ ਗ੍ਰੰਥ ਸੰਸਕ੍ਰਿਤ ਤੋਂ ਗੁਰਮੁਖੀ ਵਿਚ ਅਨੁਵਾਦੇ, ਕਿਉਂਕਿ ਆਪ ਦਾ ਵਿਚਾਰ ਸੀ ਕਿ ਗੁਰਮੁਖੀ ਦਾ ਭੰਡਾਰ ਸੰਸਕ੍ਰਿਤ ਦੇ ਪੁਸਤਕਾਂ ਨਾਲ ਭਰਪੂਰ ਹੋ ਜਾਵੇ, ਜਿਹੜੇ ਇਹ ਪੁਸਤਕ ਹੁਣ ਤਕ ਪ੍ਰਸਿੱਧ ਚਲੇ ਆ ਰਹੇ ਹਨ, ਹੋਰ ਸਭ ਨੇ ਮੰਨ ਲੀਤੇ ਹਨ, ਪ੍ਰਮਾਣਾਂ ਨੇ ਦਸਦੇ, ਗੁਲਾਬ ਸਿੰਘ ਦੇ ਗੁਰੂ ਮਾਨ ਸਿੰਘ ਜੀ, ਆਪਣੀ ਸੰਤ-ਪਰਨਾਲੀ ਦਾ ਤਰ ਦਸਦੇ।

(1) '[illegible]' ਭਾਸ਼ਾ ਸੰਮਤ ੧੮੧੦ ਵਿਚ ਰਚਿਆ (A.D 1753)
(2) 'ਪ੍ਰਬੋਧ ਚੰਦ੍ਰ ਨਾਟਕ' ੧੮੧੭
(3) 'ਭਾਵ ਰਸਾਮ੍ਰਿਤ' ੧੮੩੪
(4) 'ਮੋਖ ਪੰਥ ਪ੍ਰਕਾਸ਼' ੧੮੩੫
(5) 'ਅਧਿਆਤਮ ਰਾਮਾਇਣ' ੧੮੩੬
(6) ਪ੍ਰਪਨਾ ਪੰਜਾਬ ?

(ਅ) ਪੰਡਿਤ ਚੇਤ ਸਿੰਘ ਨਿਰਮਲੇ ਦੇ ਚੇਲੇ ਪੰਡਿਤ ਸਦਾ ਸਿੰਘ ਕਾਸ਼ੀ ਜਲਵਾਦ ਦੇਆਨਕ ਨੇ 'ਪ੍ਰਗਆਸਾਰ ਚੰਦ੍ਰਕਾ' ~~ਦੀ~~ ਨਾਮਕ ਸੰਸਕ੍ਰਿਤ ਟੀਕਾ ਸੰਮਤ ੧੯੨੪ ਵਿਚ ਰਚੀ

(ੲ) ਪੰਡਿਤ ਗਿਆਨ ਸਿੰਘ ਜੀ ਨਿਰਮਲੇ ਨੇ ਸੰਮਤ ੧੯੫੨ ਵਿਚ ਕਪੂਰੀ ਸਾਹਿਬਪਰ, ਸੰਸਕ੍ਰਿਤ ਵਿਚੋਂ ਟੀਕਾ ਰਚੀ। ਇਹ ਕਸ਼ਮੀਰ ਦੇ ਪੰਡਿਤ ਨਾਲ ਚਰਚਾ ਹੋਣੇ ਪਰ ਰਚਨਾ ਕੀਤੀ ਸੀ। ਪੁਸਤਕ ਪੰਡਿਤਾਈ ਸਾਥ ਭਰਪੂਰ ਹੈ। ਵਿਸਤਾਰ

ਨਿਰਮਲਿਆਂ ਦੀ ਪਟੇ ਤੇ ਜਾਗੀਰ ਦੁਆਰੇ ਪ੍ਰਮਾਣਿਕਤਾ

(੧) ਪੰਡਿਤ ਸਾਧੂ ਸਿੰਘ ਜੀ ਨੇ ਧਰਮਾਰਥ ਜਮੀਨ ਕਰ ਛੋਡ ਦਿਤੇ ਸੰਮਤ ੧੯੦੦

(੨) ਸੰਤ ਗੰਗਾ ਸਿੰਘ ਨਿਰਮਲੇ ਦੇ ਡੇਰੇ ਜਗਰਾਵਾਂ ਮਹੰਤ ਨਿਹਾਲ ਸਿੰਘ ਨੂੰ ੩੦ ਪਿੰਡ ਦਾ ਪਟਾ, ਮਹਾਰਾਜਾ ਰਣਜੀਤ ਸਿੰਘ ਦੀ ਬੇਟੀ ਬੀਬੀ ਪ੍ਰਧਾਨ ਨੇ ਲਿਖ ਦਿਤੋ ਸੰਮਤ ੧੯੦੬

(੩) ਪਰਗਨੇ ਪ੍ਰਤਾਪਪੁਰ ਦਾ ਪਟਾ ਪੰਡਿਤ ਲਖਾ ਸਿੰਘ ਨਿਰਮਲੇ ਨੂੰ ਲਿਖ ਦਿਤੋ ਸਰਦਾਰ ਅਮਰ ਸਿੰਘ ਮਜੀਠੇ ਨੇ - not accepted ਸੰਮਤ ੧੯੨੧

(੪) ਸਰਦਾਰ ਗੁਜਰ ਸਿੰਘ ਰਾਜਾ ਜਗਰਾਤ ਵਾਲੇ ਨੇ ਸੰਤ ਦੂਲਾ ਸਿੰਘ ਨਿਰਮਲੇ ਨੂੰ ਸੀਤਪੁਰ ਦਾ ਪਰਗਣਾ ਧਰਮਾਰਥ ਲਿਖ ਦਿਤਾ not accepted

(੫) ਸਰਦਾਰ ਧਰਮ ਸਿੰਘ ਬਾਹੜੀਵਾਲੀਏ ਨੇ ਸੰਤ ਰਾਮ ਸਿੰਘ ਨਿਰਮਲੇ ਪਾਸੋਂ ਮਹਾਭਾਰਤ ਦੀ ਕਥਾ ਸੁਣ ਕਰ ਭੇਟ ਦਾਨ ਵਿਚ ੪ ਪਿੰਡ ਵਗੈਰ ਪ੍ਰਗਣਾ ਚੁਨ੍ਹੀਆਂ ਦੇ ਪਟਾ ਲਿਖ ਦਿਤੋ ਸੰਮਤ ੧੯੨੩

(੬) ਮਹਾਰਾਜਾ ਸਰਦਾਰ ਜੈ ਸਿੰਘ ਅਤੇ ਰਾਂ ਸਦਾ ਕੌਰ ਨੇ ੪+੩ ਪਿੰਡ ਸੰਤ ਦਰਗਾਹ ਸਿੰਘ ਦੇ ਡੇਰੇ ਲਾਗ ਗਏ ਸੰਮਤ ੧੯੪੬

(੭) ਮਹਾਰਾਜਾ ਰਣਜੀਤ ਸਿੰਘ ਨੇ ਪੰਡਿਤ ਗਿਆਨ ਸਿੰਘ ਜੀ ਨੂੰ ਪਟਾ ਜਾਗੀਰ ਦਾ not accepted ਸੰਮਤ ੧੯੫੩

ਦਿਸੀ. ਰੰਗੂ ਔਰ ਪਟੇ ਆਗਿ

ਨਿਰਮਲਿਆਂ ਦਾ ਪ੍ਰਚਾਰ।

ਕਾਸ਼ੀਪੁਰੀ ਤੋਂ ਜਦ ਪੜ੍ਹਕੇ ਨਿਰਮਲੇ ਪਰਤ ਆਏ ਪੰਡਿਤ ਤੇ ਨਿਕਲੇ ਤਾਂ ਦੇਸ਼ ਪ੍ਰਦੇਸ਼ ਵਿਚ ਪ੍ਰਸਿਧ ਹੋ ਗਏ।

ਫੇਰ ਇਨ੍ਹਾਂ ਵਿਚੋਂ ਕਈ ਪੰਡਿਤਾਂ ਵੱਡੇ ਵੱਡੇ ਸ਼ਾਸਤ੍ਰਾਰਥ ਗੁਰਮਤ ਸਿਧਾਂਤ ਪਰ ਰਾਜ ਦਰਬਾਰਾਂ ਵਿਚ ਜਾ ਕੀਤੇ ਅਰ ਜਸ ਪ੍ਰਾਪਤ ਕੀਤੀ।

ਕਈਆਂ ਗੁਰਮਤ ਦਾ ਪ੍ਰਚਾਰ ਕਰਨਾ ਆਪਣਾ ਮੁਖ ਧਰਮ ਸਮਝਿਆ ਆਪਣਾ ਤਨ ਇਸੇ ਪਾਸੇ ਲਗਾਇਆ।

ਕਈਆਂ ਪੰਡਿਤਾਂ (ਪੰਡਿਤ ਗੁਲਾਬ ਸਿੰਘ ਤੇ ਸੰਤ ਸਮੁੰਦਰ ਸਿੰਘ ਜੀ ਵਿਸ਼ੇਸ਼ ਕਰਕੇ) ਮੰਡਲੀਆਂ ਬਣਾਕੇ ਸੰਸਕ੍ਰਿਤ ਗੁਰਮੁਖੀ ਅਰ ਭਾਸ਼ਾ ਵੇਦਾਂਤ ਆਦਿ ਦੇ ਗ੍ਰੰਥ ਪੜ੍ਹਾਣ ਦਾ ਕੰਮ ਜਾਰੀ ਕੀਤਾ॥

ਕਈਆਂ ਤੀਰਥਾਂ ਦੇ ਕਿਨਾਰਿਆਂ ਪਰ ਆਸ਼੍ਰਮ ਬਣਾਕੇ 'ਯੋਗਾਭਿਆਸ' ਅਤੇ 'ਸ਼ੁਭ ਸ਼ਬਦ' ਦੇ ਅਭਿਆਸ ਦੀ ਸਿਖਿਆ ਆਰੰਭੀ। ਕਈ ਨਿਰਮਲੇ ਪੰਡਿਤ, ਵਿਰਕਤਾ ਵਿਸ਼ੇ ਰਹਿਕੇ (ਚੁਪ ਸਾਧ) ਨਿਰਵਿਰਤ ਭੇਤ ਧਾਰਕੇ ਆਪੂ ਜਨਕੀਤ ਕਰਦੇ ਵਿਚਰਦੇ। ਅਰ ਇਸੇ ਪ੍ਰਕਾਰ ਭਾਰਤ ਦੇ ਸਭ ਭਾਗਾਂ ਵਿਚ ਵਿਚਰਕੇ ਤਥਾ ਕਈ ਅਸਥਾਨਾਂ ਪਰ ਠਹਿਰਕੇ, ਗੁਰਮਤ ਦਾ ਪ੍ਰਚਾਰ ਪਹਿਲੇ ਪਹਿਲ ਨਿਰਮਲਿਆਂ ਹੀ ਆਰੰਭ ਕੀਤਾ। ਏਸੇ ਕਾਰਣ ਦੂਰ ਦੂਰ ਦੇਸ਼ਾਂ ਵਿਚ ਨਿਰਮਲਿਆਂ ਦੇ ਨਿਵਾਸ ਪਾਏ ਜਾਂਦੇ ਹਨ। ਪੁਸਤਕ ਰਚਨਾ ਤਥਾ ਗੁਰਮੁਖੀ ਦਾ ਪ੍ਰਚਲਤ, ਵਿਦਿਆਰ ਪੁੰਨ ਆਦਿ ਪਰਚਿਆਂ ਪਰ ਸਤਸੰਗ ਤਥਾ ਕਥਾ ਵਖਿਆਨ ਆਦਿ ਜੋੜ ਮੇਲ ਦਾ ਪ੍ਰਕਾਰ ਨਿਰਮਲਿਆਂ ਤੋਂ ਹੀ ਪ੍ਰਚਲਿਤ ਹੋਇਆ। ਅਖੰਡ ਪ੍ਰਕਾਰ ਮੁਢ ਤੋਂ ਹੀ ਨਿਰਮਲਿਆਂ ਵੱਲੋਂ ਹੁੰਦਾ ਆਇਆ। ਅਤੇ ਧਰਮ ਸ਼ਾਲਾ ਦੇ ਪ੍ਰਬੰਧਕ ਤਥਾ ਮਹੰਤ ਨਿਰਮਲੇ ਹੀ ਹੁੰਦੇ ਆਏ। ਗੁਰਦੁਆਰਿਆਂ ਦੇ ਪੁਜਾਰੀ ਮਠ ਮੰਦਰਾਂ ਦੇ ਸੰਚਾਲਕ ਅਰ ਡੇਰਿਆਂ ਦੇ ਬਾਨੀ ਗੁਰਦੁਆਰਾ ਦੇ ਸਿਖ਼ਸ਼ਕ ਤਥਾਂ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਅਰ ਪੂਜਾ ਜਪ ਕੀਰਤਨ ਆਦਿ ਡੇਰਿਆਂ ਵਿਚ ਸਹਿਜ ਤਰੀਕੇ ਨਾਲ ਤਥਾ

ਪਰਭਾਵ ਹੀ ਹੁੰਦਾ ਚਲਿਆ ਆ ਰਿਹਾ ਹੈ, ਇਹ ਸਭ ਨਿਰਮਲਿਆਂ ਦੀ ਚਲਾਈ ਹੋਈ ਹੈ ਕਿਉਂਕਿ ਆਪਣੇ ਵਿਚ ਇਸ ਭਾਰਤ ਮਹਾਂਦੇਸ਼ ਵਿਚੋਂ ਮੁੱਢ ਤੋਂ ਹੀ ਚਲੀਆਂ ਆਈਆਂ ਸੰਤ ਮਹਾਤਮਾਂ ਅਤੇ ਵਿਦ੍ਵਾਨਾਂ ਦੇ ਸਮਾਗਮ ਹੁੰਦੇ ਆਏ ਹਨ॥

ਇਹਨਾਂ ਵਿਚੋਂ ਕਈ ਪੰਡਿਤਾਂ ਸੰਸਕ੍ਰਿਤ ਵਿਚ ਗੁਰਮਤ ਦੇ ਪੁਸਤਕ ਰਚੇ, ਜਿਸ ਪ੍ਰਕਾਰ 'ਗੁਰੂ ਕੌਮੁਦੀ' ਪੰਡਿਤ ਕਰਮ ਸਿੰਘ ਪ੍ਰਸਿੱਧ ਨਾਮ ਕੋਤਾ ਸਿੰਘ ਕ੍ਰਿਤ ਹੈ।

ਏਸੇ ਪ੍ਰਕਾਰ 'ਗੁਰੂ ਸਿਧਾਂਤ ਪਾਰਿਜਾਤ' ਪੰਡਿਤ ਹਰਾ ਸਿੰਘ ਕ੍ਰਿਤ ਹੈ। ਅਰ ਜਪੁਜੀ ਸਾਹਿਬ ਪੁਰ ਸੰਸਕ੍ਰਿਤ ਟੀਕਾ ਜਿਸ ਨੂੰ ਪੰਡਿਤ ਜਨ ਪੜ੍ਹਕੇ ਹੈਰਾਨ ਹੁੰਦੇ ਹਨ, ਪੰਡਿਤ ਨਿਹਾਲ ਸਿੰਘ ਅਮ੍ਰਿਤਸਰ ਵਾਲੇ ਕ੍ਰਿਤ।

ਕਈਆਂ ਪੰਡਿਤਾਂ ਸੰਸਕ੍ਰਿਤ ਦੇ ਪ੍ਰਸਿੱਧ ਪੁਸਤਕਾਂ ਪਰ ਸੰਸਕ੍ਰਿਤ ਟੀਕੇ ਰਚੇ, ਜਿਵੇਂ ਕਿ 'ਅਦ੍ਵੈਤ ਸਿੱਧੀ' ਸੰਸਕ੍ਰਿਤ ਦੇ ਕਠਿਨ ਪੁਸਤਕ ਪਰ 'ਸੁਗਮ ਪਾਰਬੋਧਿਕਾ' ਨਾਮ ਦੀ ਅਦਭੁਤ ਟੀਕਾ ਪੰਡਿਤ ਧਰਮ ਸਿੰਘ ਜੇਤਨਵਾਲ ਕਾਂਸ਼ੀ ਨਿਵਾਸੀ ਕ੍ਰਿਤ। ਤਰਕ ਸੰਗ੍ਰਹ ਨਿਆਇ ਦੇ ਕਠਿਨ ਗ੍ਰੰਥ ਪਰ, ਸੰਸਕ੍ਰਿਤ ਟੀਕਾ ਪੰਡਿਤ ਰੂਪ ਸਿੰਘ ਕ੍ਰਿਤ॥

ਕਈਆਂ ਪੰਡਿਤਾਂ ਗੁਰਮਤ ਦੇ ਪੁਸਤਕਾਂ ਪਰ ਅਜਿਹਾ ਵਿਚਾਰ ਕੀਤਾ, ਜਿਸ ਵਿਚਾਰ ਕੀਤੇ ਤੇ ਬਗੈਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਭਾਵ ਨੂੰ ਜਾਣਿਆਂ ਹੀ ਨਹੀਂ ਜਾਸਕਦਾ। ਜੋ ਪੁਸਤਕ 'ਗੁਰਮਤ ਨਿਰਣੈ ਸਾਗਰ', 'ਗੁਰੂ ਗਿਰਾਰਥ ~~[illegible]~~ ਕੋਸ਼'* (ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਟੀਕਾ) 'ਗੁਰੂ ਤੀਰਥ ਸੰਗ੍ਰਹ' ਆਦਿ ਗ੍ਰੰਥ ਪੰਡਿਤ ਤਾਰਾ ਸਿੰਘ ਨਰੋਤਮ ਪਟਿਆਲਾ, ਨਿਵਾਸੀ ਕ੍ਰਿਤ॥

ਜਪੁਜੀ ਪਰ ਟੀਕਾ 'ਕਰੂਪਰ ਤਾਰੁ ਦੀਪਿਕਾ', ਨਾਮਕੀ, ਪੰਡਿਤ ਨਿਹਾਲ ਸਿੰਘ ਬੋਹਾ ਜਿਹਾ ਗਾਗਰ ਵਿਚ ਕ੍ਰਿਤ ਦੇਖਣੇ ਯੋਗ ਹੈ। ਅਨੇਕ ਪ੍ਰਮਾਣਾਂ ਦੇ ਜਪੁਜੀ ਸਾਹਿਬ ਪਰ ਟੀਕਾ ਸੰਤ ਦੇਵਾ ਸਿੰਘ ਵਿਰਕ ਕ੍ਰਿਤ।

ਏਸੇ ਪ੍ਰਕਾਰ ਕਈਆਂ ਪੰਡਿਤਾਂ ਗੁਰੂ ਘਰ ਦੇ ਇਤਿਹਾਸ ਲਿਖੇ ਜੈਸੇ ਕਿ

---

* ਇਹ ਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੈ, ਸਭ ਨਾਲੋਂ ਪਹਿਲੇ ਰਚਨਾ ਹੋਇਆ, ਇਸ ਦੀ ਦੇਖਾ ਦੇਖੀ ਅਨੁਸਾਰ ਕਈਆਂ ਰਚੇ ਹਨ ਜੋ ਸਭ ਏਸ ਦੇ ਆਧਾਰ ਪਰ ਹਨ॥

'ਤਵਾਰੀਖ ਗੁਰੂ ਖਾਲਸਾ', 'ਪੰਥ ਪ੍ਰਕਾਸ਼ਾਦਿ' ਗਿਆਨੀ ਗਿਆਨ ਸਿੰਘ ਕ੍ਰਿਤ।

'ਇਤਿਹਾਸ ਗੁਰੂ ਖਾਲਸਾ' ਪੰਡਿਤ ਗੇਂਦਾ ਸਿੰਘ ਪ੍ਰਸਿਧ ਨਾਮ ਗੋਬਿੰਦ ਸਿੰਘ ਕਾਸ਼ੀ ਨਿਵਾਸੀ ਕ੍ਰਿਤ।

ਕਈਆਂ ਪੰਡਿਤਾਂ, ਸੰਸਕ੍ਰਿਤ ਵਿਚ ਜੋਤਸ਼ ਦੇ ਗ੍ਰੰਥ ਰਚਨਾ ਕੀਤੇ, ਜਿਹਾ ਕਿ 'ਮੁਹੂਰਤ ਚਿੰਤਾਮਣੀ' ਪੰਡਿਤ ਸੰਗਤ ਸਿੰਘ ਕ੍ਰਿਤ।

ਕਈਆਂ ਵੈਦਕ ਦੇ ਗ੍ਰੰਥ 'ਸਿਹਤ ਪ੍ਰਕਾਸ਼' ਆਦਿ ਰਚੇ ਗਏ ਜੇਹਾ ਕੁ 'ਸਿਹਤ ਪ੍ਰਕਾਸ਼' ਸੰਤ ਸੰਗਤ ਸਿੰਘ ਕ੍ਰਿਤ। ਅਤੇ 'ਪ੍ਰਕਾਸ਼ ਪ੍ਰਭਾਕਰ' ਸੰਤ ਬੁਧ ਸਿੰਘ ਕ੍ਰਿਤ।

ਕਈਆਂ ਪੰਡਿਤਾਂ ਨਾਸਤਕ ਨਵੀਨਮਤਾਂ ਦੇ ਖੰਡਨ ਪਰ ਪੁਸਤਕ ਰਚਨਾ ਕੀਤੇ, ਜਿਸ ਪ੍ਰਕਾਰ ਆਰਯ ਸਮਾਜ ਦੇ ਪ੍ਰਸਿਧ ਸਿਧਾਂਤਾਂ ਦਾ ਖੰਡਨ ਸੰਸਕ੍ਰਿਤ ਵਿਚ 'ਅਵੇਦਾ ਖੰਡ ਚੰਦ੍ਰਮਾ' ਅਰਥਾਤ 'ਵੇਦਾਂਤ ਸੂਤ੍ਰ ਨਿਰਾਕਰਣਕਾਰਨ ਗ੍ਰੰਥ' ਪੰਡਿਤ ਆਤਮਦੇਵ ਸਿੰਘ ਲਾਹੌਰ ਵਾਲੇ ਕ੍ਰਿਤ।

ਐਸਾ ਹੀ ਆਰਯ ਸਮਾਜੀਆਂ ਦੇ ਪ੍ਰਸਿਧ ਸਿਧਾਂਤਾਂ ਦਾ ਖੰਡਨ ਕਰਨਹਾਰਾ ਅਲੌਕਿਕ ਬਾਣ ਰੂਪ 'ਸਤਯਾਰਥ ਬੋਧਕ', ਪੰਡਿਤ ਸਾਧੂ ਸਿੰਘ ਪੀਲੀਭੀਤ ਨਿਵਾਸੀ ਕ੍ਰਿਤ।

ਐਸਾ ਹੀ ਮੁਸਲਮਾਨੀ ਮਤ ਦਾ ਖੰਡਨ ਕਰਨਹਾਰਾ ਪੁਸਤਕ 'ਮਤੇ ਇਸਲਾਮ ਖੰਡਨ' ਸੰਤ ਕ੍ਰਿਪਾ ਸਿੰਘ ਲਾਹੌਰ ਵਾਲੇ ਕ੍ਰਿਤ।

ਕਈਆਂ ਮਹਾਤਮਾ ਗੁਰਮਤ ਨੂੰ ਸੁਤੰਤ੍ਰ ਸਿਧ ਕੀਤਾ ਅਰ ਵੇਦ ਪੁਰਾਣ ਆਦਿ ਦੇ ਪ੍ਰਮਾਣ ਤਕ ਨਹੀਂ ਦਿੱਤੇ, ਕਿਉਂਕਿ ਗੁਰਮਤ ਤੋਂ ਸਹਾਰਾ ਲਿਆ। ਜਥਾ 'ਗੁਰ ਸਿਖ੍ਯਾ ਪ੍ਰਭਾਕਰ' ਅਤੇ 'ਗੁਰੂ ਸਿਧਾਂਤ ਰਹੀ', ਮਹੰਤ ਸਾਧੂ ਸਿੰਘ ਪਟਿਆਲਾ ਕ੍ਰਿਤ।

ਦਸਗੁਰੂ ਅਰਥ ਦੀ ਵਿਆਖਿਆ ਤਥਾ 'ਗੁਰਮਤ ਦਿਗਵਿਜਯ' ਪੰਡਿਤ ਈਸ਼ਰ ਸਿੰਘ ਮਾਨਸਪੁਰ ਵਾੜੀਆਂ ਵਾਲੇ ਕ੍ਰਿਤ।

ਬ੍ਰਹਮਚਰਯ ਦੇ ਨਿਰਣੇ ਕਰਨਹਾਰਾ 'ਬ੍ਰਹਮਚਰਯ ਮਹਾਤਮ', ਤਥਾ ਨਿਸ਼ਕਾਮਤਾ

'ਸ੍ਰੀ ਪ੍ਰਭਾਕਰ' ਦੇ ਇੱਕ ਸ੍ਲੋਕ ਦੇ ਖੰਡਨ ਪਰ 'ਅਵਿਦ੍ਯਾ ਦਰਸ਼ਨ' ਪੰਡਿਤ ਸੁਧੇ ਸਿੰਘ ਜਿਨ੍ਹਾਂ ਫਾਰਸੀ ਦੀ ਸਰੰਤ ਅਖਾੜ੍ਹਸੰਤੀ ਕੀ ਨਿਰਮਲਾ ਕ੍ਰਿਤ

ਕਾਵ੍ਯ ਦੇ ਵਿਸ਼ੇ ਪਰ, 'ਕਵੀਂਦ੍ਰ ਪ੍ਰਕਾਸ਼', 'ਤੇ 'ਅਕਾਲ ਨਾਟਕ' ਤਥਾ 'ਪੰਥ ਪ੍ਰਬੋਧ' ਪੰਡਤ ਨਿਹਾਲ ਸਿੰਘ ਕ੍ਰਿਤ।

'ਨਿਰਮਲ ਪ੍ਰਭਾਕਰ' ਅਰ 'ਸਿਖੀ ਪ੍ਰਭਾਕਰ' ਪੰਡਿਤ ਨਿਹਾਲ ਸਿੰਘ ਲਾਹੌਰ ਕ੍ਰਿਤ।

ਵੇਦਾਂਤ ਦੇ ਪ੍ਰਸਿੱਧ ਪੁਸਤਕ ਜਾਪਦੇ 'ਮਨੋਬੋਧਨ ਪ੍ਰਕਾਸ਼' ਆਦਿ ਵੇਦਾਂਤ ਗ੍ਰੰਥ ਪੰਡਤ ਤਾਰਾ ਸਿੰਘ ਤਰਨਤਾਰਨ ਨਿਵਾਸੀ ਕ੍ਰਿਤ।

ਯੋਗਾਭ੍ਯਾਸ ਦੇ ਸਿਧਾਂਤ ਪਰ "ਯੋਗ ਸਿਖ੍ਯਾ ਪ੍ਰਕਾਰ" ਪੰਡਤ ਬਾਬਾ ਸੋਹਣ ਸਿੰਘ* ਕਣਟੀ ਬਾਪਸਰਕੇ ਗਿਲਾਂ ਤਥਾ ਕਥੇਕਪਰ ਨਿਵਾਸੀ ਕ੍ਰਿਤ।

ਵੇਦਾਂਤ ਵਿਸ਼ੇ ਦਾ, 'ਤਤ੍ਵ ਸੰਗ੍ਰਹ', 'ਗੁਰੂ ਚਰਿਤ੍ਰ ਚੰਦ੍ਰਿਕਾ' ਦਾ ਗ੍ਰੰਥ ਪੰਡਤ ਰਵੀ ਹਰਭਜਨ ਸਿੰਘ 'ਨਿਰਮਲ ਭੇਖ' ਦੇ ਵਾਲੀ ਅੰਮ੍ਰਿਤਸਰ ਵਾਲੇ ਕ੍ਰਿਤ।

ਪੰਡਤ ਗਣੇਸ਼ ਸਿੰਘ ਜੀ ਫਰੀਦਕੋਟ ਨਿਵਾਸੀ ਨੇ ਮਹਾਰਾਜਾ ਫਰੀਦਕੋਟ ਨੂੰ ਪ੍ਰੇਰਕੇ ਪੰਡਤ ਨਿਰਮਲੇ ਅਰ ਤੇਜ ਗਿਆਨੀ ਅਕੱਠੇ ਕਰਾਕੇ ਬਦਨ ਸਿੰਘ ਨਿਰਮਲੇ ਦੀ ਮੁਖਤਾ ~~ਪੰਡਤ ਰਾਮ ਸਿੰਘ ਨੇ~~ ਨਾਲ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਕਰਾਯਾ॥

ਪੰਡਤ ਰਾਮ ਸਿੰਘ ਨੇ 'ਪ੍ਰਥਮ ਪਰਯਾਯ' (Synonyms) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਾ ਕੀਤੇ।

ਗੌੜੀ ਰਾਗ ਪਰ ਸੰਗ੍ਰਹ ਟੀਕਾ ਪੰਡਤ ਦਲ ਸਿੰਘ ਕ੍ਰਿਤ।

'ਅਦ੍ਵੈਤਾਨੁਭਵ ਪ੍ਰਕਾਸ਼' ਪੰਡਿਤ ਰਾਮ ਸਿੰਘ ਪੰਜਾਬ ਸਿੰਘ ~~ਕ~~ ਭੇਖ ਦੇ ਵਾਲੀ ਕ੍ਰਿਤ। 'ਨੈਸ਼ਕਰਮ ਸਿੱਧੀ' ਆਦਿ ਸੰਸਕ੍ਰਿਤ ਦੇ ਪ੍ਰਸਿਧ ਪੁਸਤਕ ਪਰ ਟੀਕਾ ਅਰ

---

* ਪਹਿਲੇ ਭਾਈ ਠਾਕੁਰ ਸਿੰਘ ਵਾਲੀ ਧਰਮਸਾਲਾ ਕਣਕ ਖਜਾਨੇ ਵਾਲਾ ਵਿਖੇ ਨਿਵਾਸ ਰਖਦੇ ਸਨ। ਫਿਰ ਅਖਾੜਾ ਸ੍ਰੀ ਠਾਕੁਰ ਅੰਤਰਜਾਮੀ ਵਿਖੇ ਤਪ ਕਰਦੇ ਰਹੇ

ਦੇਸ਼ੋਂ ਸੰਗੀਤ ਵਿਦਿਆ ਦੇ ਬਾਰੇ ਪੰਡਿਤ ਪ੍ਰਕਾਸ਼ ਸਿੰਘ ਜੀ ਕੀਹਦਾਰ ਰਾਜ ਦਰਬਾਰ ਸੰਗਰੂਰ ਵਿਖੇ ਪ੍ਰਸਿਧ ਹੋਏ

ਸ੍ਰੀ ੧੦੮ ਮਹਾਰਾਜ ਅਤੇ ਸ੍ਰੀ ੧੦੮ ਰਾਜਕੁਮਾਰਾਂ ਦੇ ਅਧਿਆਪਕ ਰਾਜ ਦਰਬਾਰ ਪਟਿਆਲਾ ਅੰਦਰ ਪੰਡਿਤ ਬਸੰਤ ਸਿੰਘ ਜੀ ਪ੍ਰਸਿਧ ਵਿਦਵਾਨ ਹੁਣ ਤਕ ਪਠਨ ਪਾਠਨ ਕਰ ਰਹੇ ਹਨ। ਇਤਿਆਦਿ ਅਨੇਕਾਂ ਪੰਡਿਤ ਹੋਏ ਹਨ ਕਿੱਥੋਂ ਤਕ ਗਿਣਾਈ ਜਾਈਏ॥

ਕੋਈ ੪੦੦ ਤੋਂ ਅਧਿਕ ਪੰਡਿਤ ਵਿਦਿਆ ਦੇ ਭੰਡਾਰ ਪ੍ਰਲੋਕ ਵਾਸੀ ਹੋ ਚੁਕੇ ਹਨ, ਜਿਨ੍ਹਾਂ ਭਾਰਤ ਦੀ ਉੱਨਤੀ ਪਰ ਸਾਰੀ ਆਯੂ ਬਤੀਤ ਕੀਤੀ। ਅਜ ਉਨ੍ਹਾਂ ਦੇ ਨਾਮ ਧਾਮ ਦਾ ਪਤਾ ਦੇਣਹਾਰਾ ਭੀ ਕੋਈ ਨਹੀਂ ਰਿਹਾ। ਉਕਤ ਪੰਡਿਤਾਂ ਦੇ ਗੁਣਾਨੁਵਾਦ ਸੁਣਨਹਾਰਾ ਭੀ ਕੋਈ ਨਹੀਂ ਰਿਹਾ, ਕਿਸਨੂੰ ਸੁਣਾਈਏ?

ਇਤਿਆਦਿ ਅਨੇਕਾਂ ਪੁਸਤਕ ਨਿਰਮਲੇ ਪੰਡਿਤਾਂ ਨੇ ਰਚਨਾ ਕੀਤੇ, ਜੋ ਕਿ ਅਜ ਤਕ ਪ੍ਰਚਲਿਤ ਹਨ। ਇਹ ਬਾਤ ਕੋਈ ਗੁਪਤ ਨਹੀਂ ਬਲਕਿ ਦੇਸ਼ ਪ੍ਰਸਿੱਧ ਹੈ॥ ਹੋਰ ਦੇਸ਼ ਦੇਸ਼ਾਂਤ੍ਰਾਂ ਵਿਖੇ ਪਾਠਸ਼ਾਲਾਂ, ਸੰਗਤਾਂ, ਗੁਫਾਂ, ਕੁਟੀਆਂ, ਆਸ਼੍ਰਮਾਂ, ਮਠ, ਮੰਦਿਰ ਅਰ ਡੇਰੇ ਅਖਾੜੇ ਆਦਿ ਅਨੇਕਾਂ ਰਚਨਾ ਕੀਤੇ, ਜਿਨ੍ਹਾਂ ਵਿਚ ਲਗਾਤਾਰ ਅਜ ਤਕ ਨਿਰਮਲੇ ਪ੍ਰਚਾਰ ਕਰਦੇ ਤੇ ਵਿਦਿਆ ਪੜ੍ਹਾਉਂਦੇ ਰਹੇ ਆਉਂਦੇ ਹਨ।

ਉਪਰ ਮਕਾਨਧਾਰੀ ਅਤੇ ਪ੍ਰਸਿਧ ਮਹੰਤਾਂ ਦਾ ਜ਼ਿਕਰ ਕੀਤਾ ਹੈ॥ ਹੋਰ ਬਹੁਤ ਵਿਰਕਤ ਦਸ਼ਾ ਵਿਖੇ ਰਹਿਕੇ ਵਿਦਿਆ ਪੜ੍ਹਨ ਪੜ੍ਹਾਣ ਦਾ ਕੰਮ ਆਪਣਾ ਮੁਖ ਧਰਮ ਧਾਰਕੇ ਤੀਰਥਾਂ ਕਿਨਾਰੇ ਵਾਸ ਕਰਨ ਲਗ ਪਏ, ਜਿਥੇ ਕਿ ਪ੍ਰਚਾਰ ਹੋ ਸਕਦਾ ਸੀ। ਜਿਸ ਤਰ੍ਹਾਂ ਰਿਖੀਕੇਸ਼, ਪ੍ਰਯਾਗ (ਝੂਸੀ), ਕਾਸ਼ੀ, ਕੁਰਖੇਤ੍ਰ, [illegible] ਤਥਾ ਅੰਮ੍ਰਿਤਸਰ ਆਦਿ ਅਸਥਾਨਾਂ ਪਰ ਹੀ ਆਪਣੇ ਆਸ਼੍ਰਮ ਨੀਯਤ ਕੀਤੇ।

ਰਿਖੀਕੇਸ਼ ਵਿਚ ਨਿਰਮਲਿਆਂ ਦੀ ਇਕਤ੍ਰਤਾ ਸੰਮਤ ੧੮੧੬ (ਸਨ ੧੭੫੯) ਤੋਂ ਪਹਿਲੇ ਹੀ ਹੋ ਰਹੀ ਸੀ। ਫੇਰ ਸੰਮਤ ੧੮੨੨ ਦੀ ਅਰਧ ਕੁੰਭੀ ਪਰ, ਅਰ ਫਿਰ ਸੰਮਤ ੧੮੨੮ ਦੇ ਕੁੰਭ ਦੇ ਮੇਲੇ ਵਿਰਕਤਾਂ ਦੀ ਖਾਸੀ ਇਕਤ੍ਰਤਾ ਹੋਈ। ਅਤੇ

ਸੰਮਤ ੧੮੩੪ ਦੀ ਅਰਧਕੁੰਭੀ ਹੋਣੇ ਪ੍ਰਯਾਗ ਦੇ ਪ੍ਰਬੰਧ ਦੀ ਪੱਕੀ ਘੋਸ਼ਣਾ ਕੀਤੀ ਗਈ। ਪਰ ਲੰਗਰ ਦਾ ਨਿਯਮਤ ਪ੍ਰਬੰਧ ਨਾ ਹੋਇਆ। ਸੰਮਤ ੧੮੪੦ ਵਿਚ ਸਾਰੇ ਮੁਖੀ ਦਿਵਾਨ ਹਰਿਦੁਆਰ ਇਕਠੇ ਹੋਏ। ਪ੍ਰਯਾਗ ਦਾ ਅਧਾਰ ਮਹੰਤਾਂ ਦੀਏ ਸਿਆਂ, ਮਹਤਾਂ ਪਰ ਬਹੁਤ ਹੋਇਆ। ਸੰਮਤ ੧੮੪੬ ਦੀ ਅਰਧਕੁੰਭੀ, ਸੰਮਤ ੧੮੫੨ ਦੇ ਕੁੰਭ, ਅਤੇ ਸੰਮਤ ੧੮੫੮ ਦੀ ਅਰਧਕੁੰਭੀ ਪਰ ਫੇਰ ਇਕਠ ਹੋਏ। ਸੰਮਤ ੧੮੬੪ ਅਤੇ ਸੰਮਤ ੧੮੭੬ ਵਿਚ ਕੁੰਭ ਦੇ ਮੇਲੇ ਬੜੇ ਧੂਮ ਧਾਮ ਨਾਲ ਹੋਏ।

ਸੰਮਤ ੧੮੭੬ ਦੇ ਮੇਲੇ ਪੁਰ (ਸਨ ੧੮੧੯ ਈ.) ਸੰਨਿਆਸੀ ਸਾਧਾਂ ਨੇ ਉਦਾਸੀ ਸਾਧਾਂ ਨੂੰ ਨਜ਼ਈ ਕਰਕੇ ਭਜਾ ਦਿਤਾ। ਛਾਉਣੀ ਤੇ ਕਬਜ਼ਾ ਕਰ ਲਿੱਤੀ। ਗੁਰੂ ਗ੍ਰੰਥ ਸਾਹਿਬ ਨੂੰ ਤਾਹਰਾ ਸਹੀਆ, ਜਿਸ ਤੇ ਮਹਾਰਾਜਾ ਸਾਹਿਬ ਸਿੰਘ ਪਟਿਆਲੇ ਵਾਲੇ, ਸ॰ ਕਰਮ ਸਿੰਘ ਨਿਰਮਲੇ ਸ਼ਾਹਬਾਦੀਏ, ਲਾਲ ਸਿੰਘ, ਗਦਿ ਸਿੰਘ ਬੜ੍ਹੀਏ ਵਾਲੇ, ਦੇਸਾ ਸਿੰਘ ਮਲੌਦੇਵਾਲਾ, ਬਘੇਲ ਸਿੰਘ ਛਲੌਂਦੀਵਾਲਾ, ਜੋਧ ਸਿੰਘ ਕਲਸੀਆ, ਭੂਪ ਸਿੰਘ ਰੋਪੜੀਆ ਆਦਿ ਅਨੇਕਾਂ ਸਿਖ ਸਰਦਾਰ ਜੋ ਕਿ ਕੁੰਭ ਦਾ ਸ਼ਨਾਨ ਕਰਨ ਆਏ ਹੋਏ ਸਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸੁਣਕੇ ਮਹਾਰਾਜਾ ਪਟਿਆਲਾ ਦੇ ਦੇ ਸਾਥ ਹੋਕੇ ਸੰਨਿਆਸੀਆਂ ਪਰ ਜਾ ਪਏ, ਅਰ ਸੰਨਿਆਸੀਆਂ ਨੂੰ ਬਹੁਤ ਧਮਕਾਯਾ; ਦਖ ਪ੍ਰਜਾਪਤੀ ਦੇ ਸਾਧ ਇਹਨਾਂ ਦੀ ਛਾਉਣੀ ਤਬਾਹ ਕਰਕੇ ਫੂਕ ਦਿੱਤੀ। ਜੇਹੜਾ ਸਦਾ ਰੂਪਕ ਸਹਿਤ ਸਮਾਜ ਜਾਣੂਆਂ ਸਾਥੋਂ ਮੁੜਦਾ ਕਰ ਲੈਂਦੇ ਸਨ, ਓ ਸਭ ਛੁਡਾ ਦਿਤਾ

ਸੰਮਤ ੧੮੮੮ ਅਤੇ ਸੰਮਤ ੧੯੦੦ ਪਰ ਫੇਰ ਇਕਠ ਹੋਏ

ਸੰਮਤ ੧੯੦੨ ਵਿਚ ਸਾਧ ਸੰਗਤ ਨੇ ਪੂਰਬ ਦੇਸ ਵਿਚ ਪ੍ਰਚਾਰ ਕਰਨ ਦੀ ਤਜਵੀਜ਼ ਠਹਿਰਾਈ। ਉਸ ਪਿਛੋਂ ਦਖਣ ਵਿਚ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ। ਦਿਨੋ ਦਿਨ ਤਰੱਕ ਵਧਦੀ ਗਈ

ਅੰਤ ਮਿਤੀ ਭਾਦੋਂ ਸੁਦੀ ੧੨ ਸੰਮਤ ੧੯੨੮ (A.D. 1871) ਦੇ ਦਿਨ

---

* ਰਿਖੀਕੇਸ਼ ਬ੍ਰਿਧ ਦੇ ਜ਼ਮਾਨੇ ਤਪਸ਼ੀਆਂ ਦਾ ਭਾਰਾ ਕੇਂਦਰ ਸੀ। ਸੋ ਏਥੇ ਹੀ ਲਗਾਤਾਰ ਸੰਨਿਆਸੀਆਂ ਦੀ ਬਣੀ ਆਂਹਦੀ ਹੈ

B-p.25 Gur Shabd Ratnakar

(੨) ਉਦਾਸੀਆਂ ਵਾਂਗ ਨਿਰਮਲੇ ਸੰਤਾਂ ਨੇ ਜਦ ਆਪਣੇ ਅਤੇ ਏ ਸੰਤਾਂ ਦਾ ਤੀਰਥਾਂ ਤੇ ਜੁਦੇ ਸਾਧੂਆਂ ਤੋਂ ਅਪਮਾਨ ਡਿਠਾ, ਤਾਂ ਇਨ੍ਹਾਂ ਦੇ ਮਨ ਵਿਚ ਭੀ ਆਪਣਾ ਜੁਦਾ ਅਖਾੜਾ ਬਣਾਉਣ ਦਾ ਖਿਆਲ ਆਇਆ। ਭਾਈ ਦੇਵਾ ਸਿੰਘ ਜੀ, ਰਾਮ ਸਿੰਘ ਜੀ, ਮਤਾਬ ਸਿੰਘ ਜੀ ਆਦਿਕ ਗੁਣਾਢ੍ਯ ਸੰਤਾਂ ਦੀ ਪ੍ਰੇਰਣਾ ਕਰਕੇ ਸੰਮਤ ੧੯੧੮ (=੧੮੬੧ ਈਸਵੀ) ਵਿਚ ਮਹਾਰਾਜਾ ਨਰੇਂਦ੍ਰ ਸਿੰਘ ਜੀ ਪਟਿਆਲਾ ਪਤੀ, ਮਹਾਰਾਜਾ ਭਰਪੂਰ ਸਿੰਘ ਜੀ ~~ਜੀਂਦ (ਸੰਗਰੂਰ)~~ ਨਾਭਾਪਤੀ ਅਤੇ ਮਹਾਰਾਜਾ ਸਰੂਪ ਸਿੰਘ ਜੀ ਜੀਂਦ (ਸੰਗਰੂਰ) ਪਤਿ ਨੇ ਨਿਰਮਲੇ ਸੰਤਾਂ ਦਾ ਅਖਾੜਾ ਕਾਇਮ ਕੀਤਾ, ਜਿਸਦਾ ਪ੍ਰਸਿੱਧ ਨਾਉਂ 'ਧਰਮ ਧੁਜਾ' ਹੈ। ਇਸਦੇ ਪਹਿਲੇ ਸ੍ਰੀਮੰਤ ਭਾਈ ਮਤਾਬ ਸਿੰਘ ਜੀ ਥਾਪੇ ਗਏ।

ਪਟਿਆਲੇ ਨੇ ੨੦੦੦੦) ਨਕਦ ਅਤੇ ੪੦੦੦) ਦੀ ਸਾਲਾਨਾ ਜਾਗੀਰ; ਨਾਭੇ ਨੇ ੧੬੦੦੦) ਨਕਦ ਅਤੇ ੫੭੫) ਦੀ ਸਾਲਾਨਾ ਜਾਗੀਰ; ਜੀਂਦ ਨੇ ੨੦੦੦੦) ਨਕਦ ਅਤੇ ੧੩੦੦) ਦੀ ਸਾਲਾਨਾ ਜਾਗੀਰ ਦਿੱਤੀ ਅਤੇ ਤਿੰਨਾਂ ਰਿਆਸਤਾਂ ਵੱਲੋਂ ਇਕ ਸਾਂਝਾ ਦਸਤੂਰ-ਉਲ-ਅਮਲ ਲਿਖਿਆ ਗਿਆ:-

ਦਸਤੂਰ-ਉਲ-ਅਮਲ।*

ਤਿੱਨਾਂ ਰਿਆਸਤਾਂ ਵਲੋਂ

ਵਾਸਤੇ ਅਖਾੜੇ ਨਿਰਮਲ ਪੰਥ

ਗੁਰੂ ਗੋਬਿੰਦ ਸਿੰਘ ਜੀ।

੧. ਇਕ ਸ੍ਰੀਮਹੰਤ ਤਿਨਾਂ ਰਿਆਸਤਾਂ ਦੀ ਮਨਜ਼ੂਰੀ ਨਾਲ ਅਤੇ ਚਾਰ ਮਹੰਤ ਹੋਰ, ਜੋ ਪੰਜਾਂ ਡੇਰਿਆਂ ਦੀ ਰਹਿਤ ਵਾਲੇ ਹੋਣ, ਸ੍ਰੀ ਮਹੰਤ ਦੀ ਮਰਜ਼ੀ ਨਾਲ ਥਾਪੇ ਜਾਣਗੇ।

੨. ਜੋ ਸੰਗਤੀ ਅਖਾੜੇ ਵਿਚ ਪ੍ਰਚਾਰ ਤਿਆਰ ਕਰਨ ਵਾਲੀ ਹੋਣ, ਉਹ ਭੀ ਇਸੇ ਰਹਿਤ ਵਾਲੇ ਹੋਣਗੇ।

੩. ਦੋ ਕਾਰਬਾਰੀ, ਦੋ ਭੰਡਾਰੀ, ਜਿਨ੍ਹਾਂ ਦੇ ਸਪੁਰਦ ਲੰਗਰ ਦੀ ਸਾਮਗ੍ਰੀ ਹੋਵੇਗੀ, ਅਤੇ ਇਕ ਮੁਨਸ਼ੀ ਤੇ ਇਕ ਗਿਆਨੀ (ਅਰਥ ਕਰਨ ਵਾਲਾ) ਮੁਕੱਰਰ ਹੋਣਗੇ। ਇਹ ਭੀ ਆਦਮੀ ਭੀ ਰਹਿਤਵਾਲੇ ਹੋਣ ਅਤੇ ਇਕ ਜਾਂ ਦੋ ਚੋਬਦਾਰ ਮੁਕੱਰਰ ਕੀਤੇ ਜਾਣ।

੪. ਜੋ ਸ੍ਰੀ ਮਹੰਤ ਹੁਣ ਹੈ, ਇਸ ਲਈ ਰਹਿਤ ਦੀ ਪਾਬੰਦੀ ਜ਼ਰੂਰੀ ਨਹੀਂ, ਪਰ ਜੋ ਸ੍ਰੀ ਮਹੰਤ ਅੱਗੋਂ ਨਵਾਂ ਥਾਪਿਆ ਜਾਊਗਾ, ਉਹ ਲਾਇਕ, ਵਿਰਕਤ, ਅਤੇ ਰਹਿਤਵਾਨ ਜ਼ਰੂਰ ਹੋਵੇਗਾ।

੫. ਜਦ ਸ੍ਰੀ ਮਹੰਤ ਕਿਸੇ ਰਿਆਸਤ ਸ਼ਹਿਰ ਵਿਚ ਆਵੇ, ਤਾਂ ਰਈਸ ਨੂੰ ਅਖਾੜੇ ਵਿਚ ਜਾਣ ਦਾ ਪਤਾ ਦਿਵੇ, ਤਾਂ

---

* ਇਸ ਦਸਤੂਰ-ਉਲ-ਅਮਲ ਦੀ ਮਨਜ਼ੂਰੀ ੧੨ ਅਗਸਤ ੧੯੬੨ ਨੂੰ ਹੋਈ।

ਉਪਰੋਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਮਹੰਤ ਨੂੰ ਭੇਟਾ ਅਰਪਨ ਕੀਤੀ ਜਾਵੇਗੀ। ਹੋਰ ਕਿਸੇ ਮਹੰਤ ਨੂੰ ਜੁਦੀ ਜੁਦੀ ~~ਈ ਸੇਵਾ~~ ਪੂਜਾ ਨਹੀਂ ਦਿੱਤੀ ਜਾਵੇਗੀ।

੬. ਜੋ ਆਮਦਨੀ ਇਸ ਦਿਵਸ ਦੀ ਹੋਵੇਗੀ, ਭਾਵੇਂ ਕਿਸੇ ਥਾਂ ਤੋਂ ਆਵੇ, ਉਸਦਾ ਜਮ੍ਹਾ ਖਰਚ, ਅਖਾੜੇ ਵਿਚ ਹੋਣਾ ਹੋਵੇਗਾ। ਜੇ ਕੋਈ ਮਹੰਤ ਬਾਹਰ ਤੋਂ ਕੁਝ ਲਿਆਵੇ ਤਾਂ ਉਹ ਭੀ ਅਖਾੜੇ ਵਿਚ ਜਮ੍ਹਾ ਕਰਾਵੇ, ਆਪਣੇ ਪਾਸ ਕੁਝ ਨਾ ਰੱਖੇ॥

੭. ਜੇ ਸ੍ਰੀ ਮਹੰਤ ਪੰਚ ਸਾਹਬ ਕਿਸੇ ਸਾਧੂ ~~ਮਹੰਤ~~ ਬ੍ਰਹਮਚਾਰੀ ਜਾਂ ਅਧਿਕਾਰੀ ਨੂੰ ਕੋਈ ਜਾਂ ਨਕਦ ਜੁਰਮਾਨਾ ਕੀਮਤ ਪਾਉਣਾ ਚਾਹੀ, ਜਾਂ ਕੋਈ ਦੰਡ ਦੇਣਾ ਹੋਵੇ, ਤਾਂ ਦੇ ਸਕਦਾ ਹੈ, ਪਰ ਕਾਗਜ਼ਾਂ ਵਿਚ ਪੂਰਾ ਵੇਰਵਾ ਲਿਖਿਆ ਜਾਇਆ ਕਰੇ।

੮. ਜੇ ਕਿਸੇ ਥਾਂ 'ਪਰਮ ਪੁਰਖ ਮਹਾਨ ਗੁਰੂ ਗੋਬਿੰਦ ਸਿੰਘ ਜੀ' ਭੰਡਾਰਾ ਕਰਨਾ ਹੋਵੇ, ਤਾਂ ਸ੍ਰੀ ਮਹੰਤ ਦੀ ਆਗਿਆ ਅਤੇ ਪ੍ਰਧਾਨਗੀ ਨਾਲ ਕਰੇ। ਸ੍ਰੀ ਮਹੰਤ ਦੀ ਮਨਜ਼ੂਰੀ ਤੋਂ ਬਗੈਰ ਖਰਚ ਕਰਨ ਦਾ ਅਧਿਕਾਰ ਨਹੀਂ। ਭਲਾ ਜੇ ਕਦੀ ਕੋਈ ਐਸਾ ਸਮਾਂ ਹੋਵੇ ਕਿ ਖਾਸ ਕਿਸੇ ਕੰਮ ਲਈ ਕੁਝ ਖਰਚ ਕਰਨਾ ਪਵੇ ਅਤੇ ਉਸ ਸਮੇਂ ਛੇਤੀ ਸ੍ਰੀ ਮਹੰਤ ਦੀ

ਮਨਜ਼ੂਰੀ ਨਹੀਂ ਆਜਾਵਦੀ, ਤਦ ਉਸ ਕੰਮ ਨੂੰ ਆਰੰਭ ਕਰੋਣ, ਪਰ ਉਸਦੀ ਇਤਲਾਹ ਸ੍ਰੀ ਮਹੰਤ ਨੂੰ ਦੇਵੇਣ॥

੨੦. ਜੇ ਕੋਈ ਐਸੀ ਲੋੜ ਪੈਵੇ ਕਿ ਨਵਾਂ ਮਹੰਤ ਥਾਪਣਾ ਹੋ, ਤਾਂ ਉਸ ਪਾਸੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਮ ਲਈ ਜਾਵੇ॥

ਅਸਰ

ਬਨਾਰਸ ਵਾਸੀਆਂ ਵਾਸਤੇ ਹੈਰਾਨੀ ਅੰਦਰ ਸ੍ਰੀ ੧੦੮ ਮਹਾਰਾਜ ਨਰੇਂਦਰ ਸਿੰਘ ਸਾਹਿਬ ਬਹਾਦਰ ਵਾਲੀਏ ਰਿਆਸਤ ਪਟਿਆਲਾ ਦੀ ਮੁਖਤਾ ਤਥਾ ਮਹਾਰਾਜਾ ਸਾਹਿਬ ਜੀਂਦ (ਸੰਗਰੂਰ) ਅਰ ਮਹਾਰਾਜਾ ਨਾਭਾ ਦੇ ਅਹਿਲਕਾਰਾਂ ਸਮੇਤ ਸੰਤਾ ਮਹੰਤਾ ਤਥਾ ਨ੍ਰਿਮਲੇ ਭੇਖ ਦੇ ਮਹੰਤਾਂ ਸੰਤਾਂ ਅਰ ਆਮ ਜਨਤਾ ਦੇ ਭਾਰੇ ਸਮਾਗਮ ਵਿਚ,

B ਧਰਮਧੁਜਾ ਪੰਚਾਇਤੀ ਅਖਾੜਾ ਨਿਰਮਲਾ

ਸਥਾਪਿਤ ਕੀਤਾ, ਜਿਸਦੇ ਹਥ ਵਿਚ ਮਹੰਤਾਂ ਦੀ ਚੌਣ ਦਾ ਮੁਕਰਰ ਕਰਨਾ ਹੈ ਅਤੇ ਕੋਸ ਰਖਣਾ ਨਾਈ ਛੱਡ ਜਾਣ ਵਾਲੇ ਅਤੇ ਕਈ ਜਾਗੀਰਾਂ ਜਿਨਸਾਈਆਂ। ਕਈ ਸਰਿਸਤੇ ਮੁਕਰਰ ਕਰਕੇ ਹਰ ਥਾਂ ਦੇ ਮਹੰਤ ਰਹੇ ਗਏ, ਜਿਨ੍ਹਾਂ ਨੂੰ ਖਾਸ ਅਖਤਿਆਰ ਦਿੱਤੇ ਗਏ। ਮੁਖਤਲਿਫ ਅਖਾੜਿਆਂ ਵਾਲੇ ਇਕ ਇਕ ਸੰਤ ਇਸ ਪੰਚਾਇਤੀ ਅਖਾੜੇ ਦਾ ਮੈਂਬਰ ਹੁੰਦਾ ਹੈ ਅਤੇ ਇਹ ਕੇਵਲ ਭਾਰਤੀ ਵੰਡੀ ਹੁੰਦੀ ਹੈ

ਸੰਮਤ ੧੯੩੨ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਪਟਿਆਲਾ ਨਿਵਾਸੀ ਸ੍ਰੀ ਮਹੰਤ ਨਾਮਜ਼ਦ ਕੀਤੇ ਗਏ।

P.125 ਨਰੋਤਮਜੀ ਬੜੇ ਯੋਗਜ ਸਨ, ਅਰ ਪ੍ਰਕਾਂਡ ਪੰਡਿਤ ਸਨ। ਆਪਦੇ ਵਿਚਾਰ ਬੜੇ ਉਦਾਰ ਅਰ ਗਹਿਰੇ ਸਨ, ਆਪ ਗੁਰੂ ਘਰ ਦੇ ਮਹਾਨ ਖੋਜੀ ਸਨ। ਆਪ ਦੀ ਬੜੀ ਬਹਿਰ ਬਾਣੀ ਸੀ। ਅਰ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ। ਪ੍ਰਥਮ 'ਗੁਰਮਤ ਨਿਰਣੈ ਸਾਗਰ' ਰਚਨਾ ਕੀਤੀ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਆਸ਼ਯ ਪਰ ਬਹੁਤ ਖੋਜ ਅਰ ਵਿਚਾਰ ਕੀਤੀ ਗਈ ਹੈ, ਬਲਕਿ ਏਥੋਂ ਤਕ ਸਿੱਧ ਹੋ ਸਕਦਾ ਹੈ ਕਿ ਇਸ ਗ੍ਰੰਥ ਦੇ ਬਗੈਰ ਪੜ੍ਹੇ ਅਰ ਵਿਚਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਹਜ ਭਾਵ ਨੂੰ ਜਾਣਿਆ ਹੀ ਨਹੀਂ ਜਾਂਦਾ। ਪਿਛੋਂ ਆਪਨੇ ਦੂਜੇ ਸਮਯ ਪਰ

'ਗੁਰੂ ਗਿਰਾਰਥ ਕੋਸ਼' ਰਚਨਾ ਕੀਤੀ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਠਨ ਪਦਾਂ ਦੇ ਅਰਥ ਸਮੇਤ ਹੁਣ ਦਾ ਅਦਭੁਤ ਢੰਗ ਵਰਨਨ ਕੀਤਾ ਹੈ।

ਇਹ original ਹੈ ਅਤੇ ਬਾਕੀ ਸਭ ਇਸਦੀ ਛਾਪਾ ਹਨ

ਇਹ ਕੋਸ਼ ਸਭ ਤੋਂ ਪਹਿਲਾ ਹੈ। ਆਪ ਨੇ

'ਗੁਰਤੀਰਥ ਸੰਗ੍ਰਹ' ਪੁਸਤਕ ਲਿਖਿਆ। ਇਸ ਵਿਚ ਦਸਾਂ ਗੁਰਾਂ ਦੇ ਜਿਤਨੇ ਗੁਰਦੁਆਰੇ ਹਨ, ਸੋ ਸਭਨਾ ਦਾ ਇਤਿਹਾਸ ਸਮੇਤ ਅਸਥਾਨ ਨਾਮ ਪਤਾ ਲਿਖਿਆ ਹੈ। ਜੇ ਕਦੇ ਇਹ ਗ੍ਰੰਥ ਪ੍ਰਸਿਧ ਨਾ ਹੁੰਦਾ ਤਾਂ ਅਜ ਅਕਾਲੀ ਜਨਤਾ ਨੂੰ ਸਾਰਿਆਂ ਗੁਰਦੁਆਰਿਆਂ ਦੇ ਪਤੇ ਕਢਣੇ ਕਠਿਨ ਹੋ ਜਾਂਦੇ।

ਹੋਰ ਜਪੁਜੀ ਸਾਹਿਬ ਪਰ ਟੀਕਾ, 'ਮੋਖਪੰਥ ਪ੍ਰਕਾਸ਼', ਕਠਿਨ ਵੇਦਾਂਤ ਦੇ ਗ੍ਰੰਥ ਪਰ ਟੀਕਾ ਆਦਿ ਕਿਤਨੇ ਹੀ ਹੋਰ ਨਵੀਨ ਢੰਗ ਦੇ ਪੁਸਤਕ ਰਚਨ ਕੀਤੇ ਜੋ ਜੋ ਕਿ ਗੁਰਮਤ ਧਰਮ ਦੇ ਪਰਮ ਉਪਯੋਗੀ ਹਨ।

ਆਪ ਸੰਮਤ ੧੯੪੮ (1891 A.D) ਵਿਚ ਪਟਿਆਲਾ ਅੰਦਰ ਪਰਲੋਕ ਵਾਸ ਕਰ ਗਏ

Amritsar pp 157 ff

ਮਹਾਭਾਰਤ (ਬਨ ਪਰਬ ੧੩੦ਵਾਂ ਅਧਿਆਇ) ਵਿਚ ਲਿਖਿਆ ਹੈ
ਕਿ ਬਸਿਸ਼ਟ ਮੁਨੀ, ਪੁਤ੍ਰ ਦੇ ਸੋਗ ਨਾਲ ਵਿਆਕੁਲ ਹੋਕੇ ਬਿਆਸ ਨਦੀ ਪਰ
ਪ੍ਰਿਥਵੀ ਵਿਚ ਗਿਰ ਗਏ, ਅਰ ਪਾਸੇ ਹੋਕੇ ਉਠੇ ਸਨ। ਇਸ ਕਾਰਣ
ਇਸ ਨਦੀ ਦਾ ਨਾਮ ਵਿਪਾਸਾ (ਬਿਆਸ) ਹੈ।

ਮਹਾਭਾਰਤ (ਅਨੁਸ਼ਾਸਨ ਪਰਬ ੨੫ਵਾਂ ਅਧਿਆਇ) ਦਸਦਾ ਹੈ ਕਿ ਬਿਆਸ
ਨਦੀ ਵਿਚ ਸ਼ਨਾਨ ਕਰਨ ਤੇ ਮਨੁਖ ਪਾਪਾਂ ਤੋਂ ਛੁਟ ਜਾਂਦਾ ਹੈ। (ਐਸਾ
ਪਵਿਤ੍ਰ ਜਲ ਹੈ) ਬਿਆਸ।

ਪੰਜਾਬ ਦੀ ਬਿਆਸ ਅਰ ਰਾਵੀ ਦੋਹਾਂ ਨਦੀਆਂ ਦੇ ਅੰਦਰ (੩੧ ਅੰਸ
੩੭ ਕਲਾ, ੧੫ ਵਿਕਲਾ ਉੱਤਰ ਅਖਸ਼ਾਂਸ (Latitude), ਅਰ ੭੪ ਅੰਸ
੫੫ ਪੂਰਬ ਦੇਸ਼ਾਂਤ੍ਰ (Longitude) ਵਿਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ
ਦਾ ਵਸਾਯਾ ਸ੍ਰੀ ਅੰਮ੍ਰਿਤਸਰ ਸੁੰਦਰ ਨਗਰ ਦਸਦਾ ਹੈ।

ਤੀਸਰੇ ਗੁਰੂ ਜੀ ਨੇ ਆਰੰਭੁ ਸੰਮਤ ੧੬੨੦ (1563 A.D) ਵਿਚ ਟੱਕ ਲਗਵਾਇਆ ਸੀ।
ਉਸੇ ਥਾਂ ਚੌਥੇ ਸਤਿਗੁਰੂ ਜੀ ਨੇ ਸੰਮਤ ੧੬੨੧ ਵਿਚ ਤੁੰਗ, ਸੁਲਤਾਨਵਿੰਡ,
ਗੁਮਟਾਲਾ ਆਦਿ ਪਿੰਡਾਂ ਦੇ ਵਿਚਕਾਰ ਤਾਲ ਖੁਦਵਾਇਆ। ਇਹੋ ਤਾਲ ਸ੍ਰੀ
ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੪੫ ਵਿਚ ਪੂਰਾ ਕੀਤਾ।

ਅਰਥਾਤ ਤੀਸਰੇ ਸ੍ਰੀ ਗੁਰੂ ਜੀ ਦੀ ਆਗਿਆ ਨਾਲ ਸੰਮਤ ੧੬੩੧ ਵਿਚ
ਸ਼ਹਿਰ ਵਸਿਆ। ਇਸਦਾ ਨਾਮ 'ਗੁਰੂ ਕਾ ਚੱਕ' ਰਖਿਆ। ਆਪ ਨੇ ਰਹਿਣ ਵਾਸਤੇ
ਕੀ ਮਕਾਨ ਬਣਾਏ, ਜਿਹੜੇ ਕਿ ਅਜਕਲ, 'ਗੁਰੂ ਕੇ ਮਹਿਲ' ਨਾਮ ਤੇ ਪ੍ਰਸਿਧ ਹਨ।
ਫੇਰ ਇਸਦੇ ਦਖਣੇ ਪਾਸੇ "ਦੁਖ ਭੰਜਨੀ ਬੇਰੀ" ਪਾਸ ਸੰਮਤ ੧੬੩੨ ਵਿਚ
ਤਾਲ ਪੁਟਾਯਾ ਜਿਹੜਾ ਉਸ ਸਮਯ ਅਧੂਰਾ ਹੀ ਰਿਹਾ। ਪੰਜਵੇਂ ਸ੍ਰੀ ਸਤਿਗੁਰੂ
ਜੀ ਨੇ ਗਦੀ ਤੇ ਬੈਠਕੇ ਇਸੇ ਤਾਲ ਦੀ ਖੁਦਾਈ ਆਰੰਭੁ ਕੀਤੀ। ਅਰ ਕਿਤਨੀ
ਵ੍ਯਪਾਰੀ ਲੋਕ ਪ੍ਰੇਮ ਨਾਲ ਬੁਲਾਕੇ ਵਸਾਏ। ਸ਼ਹਰ ਆਬਾਦ ਕੀਤਾ। ਫਿਰ ਨਾਮ
ਰਾਮਦਾਸਪੁਰਾ ਰਖਿਆ॥ ਸੰਮਤ ੧੬੪੩ ਵਿਚ ਸਰੋਵਰ ਪਕਾ ਕਰਨ ਆਰੰਭਿਆ
(੧੫੮੬ ਈ)

ਸਾਰ ਨਾਮ "ਅੰਮ੍ਰਿਤਸਰ" ਪ੍ਰਸਿਧ ਹੋ ਗਯਾ। ਇਸ ਤਾਲ ਦੀ ਲੰਬਾਈ ੫੦੦ ਫੁਟ, ਚੌੜਾਈ ੪੯੦ ਫੁਟ ਅਰ ਡੂੰਘਾਈ ੧੭ ਫੁਟ ਹੈ। ਫਿਰ ੧ ਮਾਘ ਸੰਮਤ ੧੬੪੫ ਨੂੰ ਤਾਲ ਦੇ ਮਧ ਵਿਚ "ਸ੍ਰੀ ਹਰਿਮੰਦਰ" ਦੀ ਨੀਉਂ ਰਖੀ ਅਰ ਪੂਰਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਧ ਸਥਾਪਨ ਕੀਤੇ। ਇਸ ਹਰਿਮੰਦਰ ਦੀ ਲੰਬਾਈ ਚੌੜੀ ੧੩ ਫੁਟ ਅਰ ਹਰ ਇਕ ਬਾਹੀ ੧੬-੧੬ ਫੁਟ ਹੈ। ਦਰਸ਼ਨੀ ਦਰਵਾਜ਼ੇ ਤੋਂ ਹਰਿਮੰਦਰ ਤਕ ਪੁਲ ੨੪੦ ਫੁਟ ਲੰਮਾ ਅਰ ੨੧ ਫੁਟ ਚੌੜਾ ਹੈ, ਜਿਸਦੇ ਦੋਹੀਂ ਪਾਸੀਂ ੫੭ ਸੁੰਦਰ ਦਰਵਾਜ਼ੀਆਂ ਹਨ। ਪੁਲ ਦੇ ਦੋਹਾਂ ਪਾਸਿਆਂ ਵਲ ੨੦ ਲਾਲਟੈਨਾਂ ਸੁਨਹਿਰੀ ਲਗੀਆਂ ਹੋਈਆਂ ਹਨ। ਮੰਦਰ ਦੀ ਉਚਾਈ ਪਰਕ੍ਰਮਾ ਵਲੋਂ ਸੁਨਹਿਰੀ ਕਲਸ ਤਕ ੫੫ ਫੁਟ ਨਾਲੋਂ ਕੁਝ ਘਟ, ਅਰ ਚੌੜਾਈ ਲਗਭਗ ੩੫ ਫੁਟ ਦੇ ਹੈ। ਪਹਿਲਾ ਫਰਸ਼ ਚਿੱਟੇ ਸੰਗ ਮਰਮਰ ਦਾ ਸੁੰਦਰ ਬਣਿਆ ਹੋਇਆ ਹੈ। ਇਸ ਉਪਰ ਰੰਗ ਰੰਗ ਦੇ ਨਗੀਨੇ ਆਦਿ ਨਾਲ ਜੜੀ ਹੋਈ ਸਜਾਵਟ ਹੈ, ਜਿਸਦੀ ਲਾਗਤ ਅਤੇ ਕਾਰੀਗਰੀ ਦਾ ਅੰਤ ਨਹੀਂ ਆ ਸਕਦਾ। ਇਹ ਮੰਦਿਰ ਅਰ ਸਥਾਨ ਬੜਾ ਪਵਿਤ੍ਰ ਅਰ ਇਸਦੇ ਸ਼ਨਾਨ ਦਰਸ਼ਨ ਦਾ ਮਹਾਨ ਪੁੰਨ ਹੈ। ਯਥਾ:—

ਜਿਨ ਸ੍ਰੀ ਹਰਿਮੰਦਿਰ ਦੇਖ ਲਯੋ, ਜਗਨਨਾਥ ਦਿਦਾਰ ਕੀਯਾ ਨ ਕੀਯਾ।
ਜਿਨ ਕੀਨ ਸ਼ਨਾਨ ਸੁਧਾਸਰ ਮੈਂ, ਤਿਨ ਗੰਗ ਇਸ਼ਨਾਨ ਕੀਯਾ ਨ ਕੀਯਾ।
ਜਿਨ ਲੀਨ ਪ੍ਰਸਾਦ ਤਿਹਾਂ ਦਸ ਕੋ ਤਿਨ ਆਬਹਯਾਤ ਪੀਯਾ ਨ ਪੀਯਾ।
ਇਨ ਬਾਤਨ ਤੇ ਜੋਊ ਬੇਮੁਖ ਹੈ ਨਰ, ਸੋ ਭੂਮਿ ਮਾਹਿ ਜੀਯਾ ਨ ਜੀਯਾ।

ਸਨ ~~੧੯੮੭~~ ੧੯੮੭ ਦੀ ਮਰਦਮ ਸ਼ੁਮਾਰੀ ਸਮਯ (Isn't it 1987 S. = 1831) ਅੰਮ੍ਰਿਤਸਰ ਵਿਚ ੧੩੬੭੬੬ ਮਨੁਖ ਹੋਏ ਸਨ, ਜਿਨ੍ਹਾਂ ਵਿਚੋਂ ੭੯੭੮੬ ਮਰਦ ਅਰ ੫੭੯੮੦ ਇਸਤ੍ਰੀਆਂ ਸਨ। ਇਨ੍ਹਾਂ ਵਿਚੋਂ ੬੩੩੬੬ ਮੁਸਲਮਾਨ, ੫੬੬੫੮ ਹਿੰਦੂ, ੧੫੭੫੧ ਸਿਖ, ੯੪੮ ਈਸਾਈ, ੧੮੩ ਜੈਨ, ੫ ਪਾਰਸੀ ਅਤੇ ੧ ਹੋਰ ਸੀ। ਮਨੁਖ ਗਿਣਤੀ ਅਨੁਸਾਰ ਇਹ ਭਾਰਤ ਵਿਚ ੧੬ ਵਾਂ ਅਰ ਪੰਜਾਬ ਵਿਚ ਤੀਸਰਾ ਸ਼ਹਿਰ ਹੈ। ਰੇਲਵੇ ਸਟੇਸ਼ਨ ਤੋਂ ਅੱਧਾ ਮੀਲ ਦੱਖਣ ਅੰਮ੍ਰਿਤਸਰ ਸ਼ਹਿਰ ਹੈ







ਸ੍ਰੀ ਅੰਮ੍ਰਿਤਸਰ(?)

ਸ਼ਹਿਰ ਦੇ ਵਿਚ ਅੰਮ੍ਰਿਤਸਰ ਨਾਮ ਦਾ ਤਾਲ ਹੈ, ਜਿਸ ਦੇ ਨਾਮ ਤੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਪਿਆ ਹੈ। ਮਹਾਰਾਜਾ ~~[illegible]~~ ਰਣਜੀਤ ਸਿੰਘ ਨੇ ਸੰਮਤ ੧੮੫੯ (1802 A.D.) ਵਿਚ ਇਸ ਸ਼ਹਿਰ ਪਰ ਕਬਜ਼ਾ ਕੀਤਾ, ਸੋਨੇ ਆਦਿ ਨਾਲ ਹਰਿਮੰਦਰ ਸੁਸ਼ੋਭਤ ਕੀਤਾ। ਅੰਮ੍ਰਿਤਸਰ ਸਰੋਵਰ ਵਿਚ ਜਲ ਨਹਿਰ(?) ਦੀ ਰਾਹੀਂ ਪੈਂਦਾ ਹੈ, ਜੋ ਬਾਬਾ ਪ੍ਰੀਤਮਦਾਸ ਜੀ ਤਥਾ ਬਾਬਾ ਸੰਤੋਖਦਾਸ ਜੀ ਦੇ ਰਾਹੀਂ ਸੰਮਤ ੧੮੩੮ ਵਿਚ ਸਿੱਧੇ ਸਿੱਧੇ ਦਰਿਆ ਰਾਵੀ ਤੋਂ ਲਿਆਂਦਾ ਸੀ, ਫਿਰ ਸੰਮਤ ੧੯੨੩ (1866 A.D.) ਵਿਚ ਬਾਰੀ ਦੁਆਬ ਵਾਲੀ ਨਹਿਰ ਵਿਚੋਂ [illegible] ਨਹਿਰ(?) ਦੇ ਰਾਹੀਂ ਤਾਲ ਵਿਚ ਪਾਇਆ ਜਾਂਦਾ ਹੈ, ਅਰ [illegible] ਸਾਰੀ ਪੱਕੀ ਕਰ ਦਿੱਤੀ ਹੈ। ਇਹ ਇਕ ਸੰਤ ਗੁਰਮੁਖ ਸਿੰਘ ਦੇ ਉਦਯੋਗ ਦੁਆਰਾ ਕਾਰਜ ਹੋਇਆ ਹੈ। ਅਰ ਇਹ ਤਾਲ (ਸਰੋਵਰ) ੪੭੫ ਫੁਟ ਲੰਮਾ ਅਰ ਇਤਨਾ ਹੀ ਚੌੜਾ ਹੈ। ਜਿਸ ਦੀਆਂ ਚਾਰੋਂ ਓਰ ਪੱਕੀ ਕ੍ਰਿਆ ਸੰਗਮਰਮਰ ਅਰ ਕਾਲੇ ਤਥਾ ਭੂਰੇ ਪੱਥਰ ਦੇ ਚੌਕੋਨੇ ਟੁਕੜੇ (ਟਾਈਲਾਂ or tiles) ਕੱਟ ਕੱਟ ਕੇ ਬਣਾਈਆਂ ਹੋਈਆਂ ਹਨ। ਸਰੋਵਰ ਦੇ ਚਾਰੋਂ ਓਰ ਬਾਜ਼ਾਰਾਂ ਗਲੀਆਂ ਤਥਾ ਸਿੱਖਾਂ ਦੇ ਬੁੰਗੇ ਬਣੇ ਹੋਏ ਹਨ। [illegible] [illegible] ਸਾਹਿਬ ਦੁਆਰਾ ਨਿਰਮਿਤ ਕਮੇਟੀ ਦਾ ਪ੍ਰਬੰਧ ਜੋ [illegible] ਸਨ ੧੯੨੦ ਵਿਚ ਬਣਿਆ* ਸੀ। ਸਰੋਵਰ ਦੇ ਮੱਧ ਵਿਚ ਦਰਬਾਰ ਸਾਹਿਬ ਦਾ ਮੰਦਰ ਸੋਭ ਰਿਹਾ ਹੈ। ਅੰਮ੍ਰਿਤਸਰ ਸ਼ਹਿਰ ਵਿਚ ਹੋਰ ਭੀ ਅਨੇਕਾਂ ਗੁਰਦੁਆਰੇ ਹਨ, (ਜਿਨ੍ਹਾਂ ਦਾ ਵੇਰਵਾ ਮੇਰੇ ਬਣਾਏ 'ਅੰਮ੍ਰਿਤਸਰ ਗਾਈਡ' ਵਿਚੋਂ ਦੇਖ ਸਕਦੇ ਹੋ)

Fairfield ਬੰਗਲੇ(?), ਦਿੱਲੀ

ਮੰਦਰ ਦਾ ਮਹਾਤਮ:- ਬ੍ਰਹਮ ਮਹੂਰਤ ਵਿਚ ਕਥਾ ਸਹਤ, ਸੱਚ ਜਤ ਵਿਚ [illegible] ਦਾਨ, ਇਸ਼ਨਾਨ, ਸੰਤ ਕੇ ਦਰਸ਼ਨ ਦਾ ਅਨੰਤ ਫਲ ਹੈ।
ਲੋਭ [illegible] [illegible] [illegible] ਮਿਤ੍ਰ ਨ [illegible]।

---

* ਇਹ ਸਨ ੧੯੩੦ ਦੇ ਕਰੀਬ ਚਾਲੂ ਕੀਤਾ ਗਿਆ।

ਅੰਮ੍ਰਿਤਸਰ ਦੀ ਪਵਿੱਤ੍ਰਤਾ।

ਸੁਣਿਆ ਜਾਂਦਾ ਹੈ ਕਿ ਕਿਸੇ ਪਿਛਲੇ ਜ਼ਮਾਨੇ ਵਿਚ ਰਾਵੀ ਨਦੀ ਤੇ ਬਿਆਸ ਨਦੀ ਇਸ ਅਸਥਾਨ ਦੇ ਨੇੜੇ ਹੀ ਵਗਦੇ ਸਨ। ਜਿਥੇ ਹੁਣ ਦਰਬਾਰ ਸਾਹਿਬ ਹੈ ਏਥੇ ਇਕ ਛਾਬ ਸੁੰਦਰ ਪਾਣੀ ਦੀ ਭਰੀ ਅਰ ਆਸ ਪਾਸ ਘਨਾ ਜੰਗਲ ਸੀ, ਇਸਦਾ ਨਜ਼ਾਰਾ ਅਨੋਖਾ ਅਤੇ ਅਜਿਹਾ ਹੁੰਦਾ ਸੀ ਕਿ ਮੁਰਦੇ ਦਿਲ ਨੂੰ ਦਰਸ਼ਨ ਮਾਤ੍ਰ ਤੇ ਸੁਰਜੀਤ ਕਰਨਹਾਰ ਸੀ।

ਏਸੇ ਕਾਰਣ ਇਥੇ ਬੜੀ ਰੌਣਕ ਸੀ, ਰਿਸ਼ੀ, ਮੁਨੀ, ਸਾਧੂ ਸੰਤ, ਏਥੇ ਆਕੇ ਪਰਮਾਤਮਾ ਦੇ ਧਿਆਨ ਮਗਨ ਹੋਏ ਅਰਾਧਨਾ ਭਜਨ ਬੰਦਗੀ ਕਰਦੇ ਰਿਹਾ ਕਰਦੇ ਸਨ। ਦੇਵ ਕਲਾਸ ਏਥੇ ਹੀ ਪੈਦਾ ਹੋਇਆ ਕਿਉਂਕਿ ਪਰਮੇਸ਼ਰ ਮੁਨੀ ਏਸੇ ਥਾਂ ਨਿਵਾਸ ਕਰਦਾ ਸੀ।

ਰਾਮਾਇਣ ਵਿਚੋਂ ਬ੍ਰਿਤਾਂਤ ਮਿਲਦਾ ਹੈ ਕਿ ਬ੍ਰਹਮ ਰਿਸ਼ੀ ਬਾਲਮੀਕ ਭੀ ਏਥੇ ਹੀ ਰਹਿੰਦਾ ਸੀ। ਏਸੇ ਅਸਥਾਨ ਪਰ ਸੀਤਾ ਜੀ ਸਤਵੰਤੀ ਨੇ ਆਪਣੇ ਬਨਵਾਸ ਦੇ ਦਿਨ ਇਸੇ ਰਿਸ਼ੀ ਦੇ ਸਹਾਰੇ ਕਟੇ (ਬਤੀਤ ਕੀਤੇ) ਸਨ। ਜੋ ਕਿ ਬਾਲਮੀਕ ਰਿਸ਼ੀ ਦੀ ਕ੍ਰਿਪਾ ਦ੍ਵਾਰਾ ਹਰ ਇਕ ਵਿਦਿਆ ਵਿਚ ਛੇਟ ਸੋਹਣੀ ਦੇ ਚਤਰ ਗਿਣੇ ਜਾਂਦੇ ਸਨ।

ਅੰਤ ਲਵ ਨੇ ਆਪਣੇ ਬਾਹੂ ਬਲ ਦ੍ਵਾਰਾ ਸ਼ੋਹਰਤ ਅਰ ਕੁਸ਼ ਨੇ ਕਪੂਰ ਸਾਂਧ ਕਰ ਆਪਣਾ ਰਾਜ ਕਾਇਮ ਕਰ ਲਿਆ।

ਇਸ ਪਿਛੋਂ ਇਸ ਪਵਿੱਤ੍ਰ ਅਸਥਾਨ ਨੂੰ ਪ੍ਰਗਟ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ। ਇਸ ਤੋਂ ਪਹਿਲੇ ਇਸਦੀ ਪਵਿੱਤ੍ਰਤਾ ਤਥਾ ਇਸਦਾ ਮਹਾਤਮ ਕਿਸੇ ਰਿਸ਼ੀ ਮੁਨੀ ਨੂੰ ਨਹੀਂ ਸਮਝ ਆਇਆ। ਸਿਰਫ ਛਾਬ ਦਾ ਪਾਣੀ ਪੀਕੇ ਠੰਢੀ ਰੁਖ ਛਾਂਵਾਂ ਹੇਠ ਪਾਂਧੀ ਕੇ ਪਾਂਧੀ ਆਰਾਮ ਕਰਕੇ ਅਰ ਜੰਗਲੀ ਫਲ ਫੁਲ ਖਾਕੇ ਤੁਰੇ ਜਾਇਆ ਕਰਦੇ ਸਨ।

ਅੰਮ੍ਰਿਤਸਰ ਨਾਮ ਪੈਣ ਦਾ ਕਾਰਣ

ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੁਲਤਾਨਪੁਰ ਲੋਧੀ ਨੂੰ ਜਾ ਰਹੇ ਸਨ, ਤਾਂ ਜਿਥੇ ਹੁਣ ਹਰਿਮੰਦਰ ਸਾਹਿਬ ਹੈ, ਉਸ ਦੇ ਨੇੜੇ ਇਕ ਜਲ ਨਾਲ ਭਰਪੂਰ ਪੁਰਾਤਨ ਢਾਬ ਸੀ। ਅਤਿਅੰਤ ਰਮਣੀਕ ਅਸਥਾਨ ਦੇਖਕੇ ਬੈਠ ਗਏ ਅਰ ਸ੍ਰੀ ਗੁਰੂ ਜੀ ਨੇ ਬਚਨ ਕੀਤਾ ਕਿ

'ਪਾਕੀ ਨਾਈ ਪਾਕ ਥਾਨ'

(੧) ਅਕਸਮਾਤ ਏਸੇ ਸੁਲਤਾਨਵਿੰਡ ਗ੍ਰਾਮ ਦਾ ਵਸਨੀਕ, ਸੁਲਤਾਨਾ ਜਟ ਖੀਰ ਲੈਕੇ ਆਣ ਹਾਜ਼ਰ ਹੋਇਆ। ਜਿਸੇ ਆਈ ਖੀਰ ਜਦ ਮਰਦਾਨੇ ਨੇ ਖਾਧੀ ਤਾਂ ਉਂਗਲੀਆਂ ਚਟਦਾ ਹੋਇਆ ਕੈਂਹਦਾ ਹੈ, ਮਹਾਰਾਜ ਜੀ! ਇਹ ਤਾਂ ਅੰਮ੍ਰਿਤਰੂਪ ਭੋਜਨ ਹੈ। ਸ੍ਰੀ ਗੁਰੂ ਜੀ ਨੇ ਪ੍ਰਸੰਨ ਹੋਕੇ ਕਿਹਾ ਭਾਈ! ਏਥੇ ਹਮੇਸ਼ਾਂ ਹੀ [illegible] ਅੰਮ੍ਰਿਤ ਵੰਡਿਆ ਜਾਯਾ ਕਰੇਗਾ।

ਹੋਰ ਪ੍ਰਸੰਗ—

(੨) ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤਲਵੰਡਿਓਂ ਗੰਗਾ ਜੀ ਵਲ ਜਾ ਰਹੇ ਸਨ ਤਾਂ ਰਸਤੇ ਵਿਚ ਏਥੇ ਆ ਠਹਿਰੇ, ਜਿਥੇ ਹੁਣ ਦਰਬਾਰ ਸਾਹਿਬ ਦਾ ਮੰਦਰ ਹੈ। ਅਰ ਸੰਧਿਆ ਸਮੇਂ ਸ਼ਬਦ ਉਚਾਰਣ ਕੀਤਾ ਜਿਸ ਨੂੰ ਮਰਦਾਨੇ ਨੇ ਰਾਗ ਦੁਆਰਾ ਪੜ੍ਹਿਆ—

ਪ੍ਰਭਾਤੀ ਮ:੧

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗ ਗਹੇ।
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੋ ਖੋਜਿ ਲਹੇ॥੧॥
ਗੁਰ ਸਮਾਨਿ ਤੀਰਥੁ ਨਹੀਂ ਕੋਈ। ਸਰੁ ਸੰਤੋਖੁ ਤਾਸੁ ਗੁਰੁ ਹੋਈ॥੧॥ ਰਹਾਉ

---

* ਸੋਹਿਣਾ ਹੁਣ ਸ਼ਬਦ ਨਿਤਾਪ੍ਰਤਿ ਕਰਨ ਪ੍ਰਕਾਰ ਚਲਦਾ ਹੈ। ਸੰਗਤਾਂ ਪ੍ਰਸੰਨ ਹੋਕੇ ਸੁਣਦੀਆਂ ਹਨ।

ਗੁਰ ਦਰਿਆਉ ਸਦਾ ਜਲੁ ਨਿਰਮਲੁ, ਮਿਲਿਆਂ ਦੁਰਮਤਿ ਮੈਲੁ ਹਰੈ।
ਸਤਿਗੁਰ ਪਾਈਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ॥੨॥
ਰਤਾ ਸਚੁ ਨਾਮ ਤਲ ਹੀਅਲੁ, ਸੋ ਗੁਰੁ ਪਰਮਲੁ ਕਹੀਐ।
ਜਾਂ ਕੀ ਵਾਸੁ ਬਨਾਸਪਤਿ ਸਉਰੈ, ਤਾਸੁ ਚਰਣ ਲਿਵ ਰਹੀਐ॥੩॥
ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ।
ਗੁਰਮੁਖੇ ਨਾਨਕ ਸਚਿ ਸਮਾਈਐ ਗੁਰਮੁਖ ਨਿਜ ਪਦੁ ਪਾਈਐ॥੪॥

ਇਸ ਪ੍ਰਕਾਰ ਜਦ ਸਮਾਪਤਿ ਹੋਯਾ ਤਾਂ ਸ੍ਰੀ ਗੁਰੂ ਜੀ ਜਲਰੂਪ ਹੋਗਏ, ਦ੍ਰਿਸ਼ਟੀ ਨ ਆਏ। ਤਾਂ ਭਾਈ ਬਾਲਾ ਔਰ ਮਰਦਾਨਾ ਨਿਹੱਤ ਹੈਰਾਨ ਔਰ ਪਰੇਸ਼ਾਨ ਹੋਏ ਇਧਰ ਉਧਰ ਤਕਦੇ ਰਹੇ, ਇਤਨੇ ਵਿਚ ਭਾਈ ਬਾਲੇ ਨੇ ਕਿਹਾ —

ਭਾਈ ਮਰਦਾਨਿਆ! ਅਸੀਂ ਸਾਧ ਸੁਣਿਕੇ ਦੇਖਦੇ ਆਏ ਹਾਂ ਜਿੱਥੇ ਕਿਤੇ ਕਿਸੇ ਨੂੰ ਦੁੱਖ ਤਕਲੀਫ ਹੋਵੇ, ਉਥੇ ਟੱਕਾ ਰਖਕੇ ਅਰਦਾਸ ਤੇ ਹੀ ਫਲ ਪ੍ਰਾਪਤ ਕਰਾਂਉਂਦੇ ~~..~~ ਰਹੇ ਹਨ। ਇਸਤੇ ਅਸੀਂ ਭੀ ਅਰਦਾਸ ਕਰੀਏ ਔਰ ਜਦ ਟੱਕਾ ਖੋਲ੍ਹਿਆ ਤਾਂ ਪਾਸ ਹੀ ਨਹੀਂ। ਇਤਨੇ ਵਿਚ ਸਲਾਹ ਕੀਤੀ ਕਿ ਇਕ ਪੈਸਾ × ਤੇਰੇ ਸਿਰ ਦਾ ਮੁੱਲ ਔਰ ਇਕ ਪੈਸਾ ਬਾਲੇ ਕਿਹਾ ਮੇਰੇ ਸਿਰ ਦਾ ਮੁੱਲ। ਦੋਵੇਂ ਸਿਰ ਗਹਿਣੇ ਰਖਕੇ ਅਰਦਾਸ ਕੀਤੀ ਤਾਂ ਸ੍ਰੀ ਗੁਰੂ ਜੀ ਪ੍ਰਗਟ ਹੋਗਏ। ਸੋ ਇਹ ਸਭ ਇਸੇ ਸਥਾਨ ਦਾ ਪ੍ਰਕਾਸ਼ ਹੈ।
ਔਰ ਫੁਰਮਾਯਾ ਕਿ ਏਥੇ ਕਾਰਜ ਸਿਧ ਹੋਯਾ ਕਰਨਗੇ ਔਰ ਮਨ ਵਾਂਛਿਤ ਫਲ ਪ੍ਰਾਪਤ ਹੋਣਗੇ॥ (A.D. 1549)

(੩) ਸੰਮਤ ੧੬੦੬ ਬਿਕ੍ਰਮੀ ਨੂੰ ਗੁਰੂ ਅਮਰਦਾਸ ਜੀ ਮਹਾਰਾਜ ਸੰਗਤਾਂ ਨਾਲ ਫਿਰਦੇ ਫਿਰਾਂਦੇ ਗੁਰੂ ਅੰਗਦ ਦੇਵ ਜੀ ਮਹਾਰਾਜ ਤੋਂ

× 'ਪੈਸਾ' ਰਵਾਯਤ ਪ੍ਰਤੀਤ ਹੋਂਦੀ ਹੈ। ਸੋ ਕਹਾਣੀ ਬਹੁਤ ਪਿੱਛੋਂ ਲਿਖੀ ਗਈ

ਏਥੋਂ ਦੀ ਉਪਮਾ ਸੁਣਕੇ ਵੇਖਣ ਆਏ, ਸਰ ਵੇਖ ਕੇ ਤਨਾ ਤੇ ਜੇਹੜਾ ਏਸ ਵਕਤ "ਢਾਬ" ਕਰਕੇ ਪ੍ਰਸਿਧ ਸੀ। ਬੈਠਕੇ ਦੁਖੀਆ ਦਾਸਾਂ ਨੂੰ ਅਰਥਾਤ ਸੰਸਾਰੀ ਜੀਵਾਂ ਨੂੰ ਕਈ ਪ੍ਰਕਾਰ ਦਾ ਉਪਦੇਸ਼ ਦੇਕੇ ਕ੍ਰਿਤਾਰਥ ਕਰਦੇ ਸੇ। ਜਦ ਗੁਰੂ ਅੰਗਦ ਦੇਵ ਜੀ ਏਥੇ ਆਉਂਦੇ ਤੇ ਜੋ ਸਰ ਦਾ ਦੌਰਾ ਕਿਆ ਕਰਦਾ ਸੀ, (ਇਸਦੇ ਦੂਰ ਕਰਨ ਲਈ ਜੇਹੜੀ ਜੜੀ ਬੂਟੀ ਖੋਜਿਆਂ ਮਿਲੀ ਸੀ, ਉਸਦਾ ਨਾਮ 'ਅੰਮ੍ਰਿਤੀ' ਸੀ, (ਜਿਸਦੇ ਨਾਲ ਗੁਰੂ ਜੀ ਨੂੰ ਅਰਾਮ ਹੋਗਿਆ ਸੀ) ਏਸ ਕਰਕੇ ਬੀ ਏਸ ਅਸਥਾਨ ਦਾ ਨਾਮ ਅੰਮ੍ਰਿਤਸਰ ਪ੍ਰਸਿਧ ਹੋਇਆ।

(੪) ਗੁਰੂ ਅਮਰਦਾਸ ਜੀ ਆਪਣੇ ਸ੍ਰੀ ਸਤਗੁਰਾਂ ਪਾਸੋਂ ਏਸ ਅਸਥਾਨ ਦੇ ਪਵਿਤ੍ਰ ਹੋਣ ਦਾ ਮਹਾਤਮ ਸੁਣਕੇ ਫਿਰ ਵਿਸ਼ਵਾਸ* ਹੋਗਿਆ ਸੀ। ਏਸ ਵਾਸਤੇ ਆਪ ਏਥੇ ਇਕ ਕਸਬਾ ਵਸਾਉਣ ਦੇ ਆਹਰ ਵਿਚ ਲਗ ਗਏ ਸਨ। ਕਿਉਂਕਿ ਗੁਰੂ ਰਾਮਦਾਸ ਜੀ ਸੋਢੀ ਦਾ ਪਰਵਾਰ ਜੋ ਲਾਹੌਰ ਸ਼ਹਿਰ ਦਾ ਸੋਢੀਆਂ ਵਿਚ ਸੀ, ਉਹ ਜਾਲਮ ਕਾਜ਼ੀਆਂ ਨੇ ਆਪਣੇ ਕਬਜ਼ੇ ਕਰ ਲਿਆ, ਤੇ ਫਿਰ ਗੋਇੰਦਵਾਲ ਵਿਚ ਤਿੰਨ? ਪੁਤ੍ਰਾਂ ਤੇ ਬੀਬੀ ਭਾਨੀ ਦੇ ਰਹਣ ਲਈ ਥਾਂ ਥੋੜੀ ਵੇਖਕੇ ਨਾਲੇ ਕਲਹ ਹੋਣ ਦਾ ਡਰ ਵੇਖਕੇ ਏਥੇ ਇਕ ਨਵਾਂ ਕਸਬਾ ਬਣਾਉਣ ਦੀ ਤਜਵੀਜ਼ ਸੋਚੀ। ਜਟ ਜਟਾਂ* ਤੋਂ ਜ਼ਮੀਨ ਖਰੀਦ ਕੇ ਗੁਰੂ ਜੀ ਇਕਾਦਸ਼ੀ ਸੰਮਤ ੧੬੨੯ (1572 A.D.) ਬਿਕ੍ਰਮੀ ਨੂੰ ਰਾਮਦਾਸਪੁਰੇ ਦੀ ਨਿਉਂ ਰਖ ਦਿੱਤੀ, ਜੋ ਪਿਛੋਂ 'ਅੰਮ੍ਰਿਤਸਰ' ਮਸ਼ਹੂਰ ਹੋਇਆ। ਇਸ ਤੋਂ ਬਿਨਾ ਕਈ ਹੋਰ ਮਕਾਨ ਭੀ ਬਣਵਾਏ, ਜੇਹੜੇ

---

* ਥੋਰੇ ਗੁਰੂ ਤਾਂ ਆਦਿ ਦੀਨੇ ਤਪ ਪੰਭੂ ਸਨ। ਤਪ ਕੇ ਪ੍ਰਭਾਵ ਤਾਮੈ ਬਸੰਤ ਕਲਾਪੂਰ
ਲਿਪ ਜੋ ਵਿਚਾਰ ਕਿਨ ਕੀਨੋ ਪੁਨ ਤਾਂ ਲਗ ਜਾਣ ਕੇ ਥਾਨ ਸੋ ਪ੍ਰਸੰਗ ਸੰਦਰਭ ਹੈ।
ਕਹੇ ਗੁਰੂ ਅੰਗਦ ਜੀ ਸੁਨ ਸਿਖ ਅਮਰ ਹੈ, ਤਾਂ ਅਸਨਾਨ ਕੀਜ ਇਛ ਫਲੀ ਦਾਤੈ।
ਸਸੋਂ ਸਾਗਰ ਪਾਇ ਰਹੈਂਗੇ ਤਾਂ ਹੀ ਸਰ, ਜਾਂ ਅਬਦੀਸਤ ਪ੍ਰਤਖ ਸੁਧਾਸਰ ਹੈ॥

* ਅਕਬਰ ਨੇ ਲਾਹੌਰ ਸਨ ੧੫੬੯ ਈਸਵੀ ਵਿਚ ਛੇਤੇ ਕੀਤਾ॥

ਗੁਰਾਂ ਦੇ ਨਾਮ ਨਾਲ ਪ੍ਰਸਿਧ ਹਨ।

(ਪ) ਲੋਕਾਂ ਵਿਚ ਮਸ਼ਹੂਰ ਹੈ, ਕਿ ਗੁਰੂ ਰਾਮਦਾਸ ਜੀ ਨੇ ਆਪਣੇ ਸਤਿਗੁਰੂ ਅਮਰਦਾਸ ਜੀ ਦੇ ਨਾਮ ਤੇ ਇਸ ਤਾਲਾਬ ਦਾ ਨਾਮ ਅੰਮ੍ਰਿਤਸਰ** ਰਖਿਆ, ਜੋ ਇਸਦੇ ਪਿਛੋਂ ਅੰਮ੍ਰਿਤਸਰ ਨਾਮ ਤੇ ਪ੍ਰਸਿਧ ਹੋ ਗਿਆ। ਇਸ ਸਰੋਵਰ ਨੂੰ ਪਹਿਲੇ ਸਮਝਕੇ ਗੁਰੂ ਰਾਮਦਾਸ ਜੀ ਮਹਾਰਾਜ ਹਮੇਸ਼ਾ ਸਵੇਰ ਦੇ ਵਕਤ ਬੇਰ ਦੇ ਹੇਠਾਂ (ਜੋ ਹਰਿਮੰਦਰ ਸਾਹਿਬ ਵਾਲੀ ਥਾਂ ਤੇ ਲਗੀ ਹੋਈ ਸੀ)* ਸੂਰਜ ਨਿਕਲਣ ਤਕ ਇਸ਼ਨਾਨ ਧਿਆਨ ਕਰਕੇ ਈਸ਼ਵਰ ਦੇ ਭਜਨ ਵਿੱਚ ਮਗਨ ਰਿਹਾ ਕਰਦੇ ਸਨ, ਫੇਰ ਸ਼ਹਿਰ ਵਿੱਚ ਜਾਂਦੇ ਤੇ ਸ਼ਹਿਰ ਜਾਕੇ ਸੰਗਤਾਂ ਨੂੰ ਧਰਮ ਉਪਦੇਸ਼ ਦੇਂਦੇ ਸਨ। ਸੰਮਤ ੧੬੩੨ ਬਿਕ੍ਰਮੀ (੧੫੭੬ ਈਸਵੀ) ਸਰੋਵਰ ਦੀ ਖੁਦਾਈ ਆਰੰਭ ਹੋਈ, (i.e. three years after Guru Amar Das's death) ਅਕਬਰ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਉਪਮਾ ਸੁਣੀ (which Guru Sahib) ਤੇ ਫਿਰਦਾ ਫਿਰਦਾ ਦਰਸ਼ਨਾਂ ਲਈ ਆਪ ਨੂੰ ਹਾਜ਼ਰ ਹੋਇਆ ਤੇ ੧੦੦ (ਇਕ ਸੌ) ਮੋਹਰ ਭੇਟਾ ਕੀਤੀ ਜੋ ਸਤਿਗੁਰਾਂ ਨੇ ਉਸੇ ਵਕਤ ਗਰੀਬਾਂ ਨੂੰ ਵੰਡ ਦਿੱਤੀ।

ਇਸ ਤੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਅਰ ਬੇਨਤੀ ਕੀਤੀ ਕਿ ਹਜ਼ੂਰ ਕੋਈ ਸੇਵਾ ਦਸੀ ਜਾਵੇ। ਇਸਤੇ ਸਤਿਗੁਰਾਂ ਫ਼ਰਮਾਇਆ ਕਿ ਬਾਦਸ਼ਾਹਾਂ ਦਾ ਕੰਮ ਆਪਣੀ ਪਰਜਾ ਦਾ ਪਾਲਣ ਹੁੰਦਾ ਹੈ, ਇਸ ਵੇਲੇ ਕਾਲ ਦੇ ਦੁੱਖੋਂ ਲੋਕ ਭੁੱਖੇ ਮਰ ਰਹੇ ਹਨ, ਸੋ ਜੇ ਕੁਝ ਹੋ ਸਕਦਾ ਹੈ ਤਾਂ ਉਨ੍ਹਾਂ ਦੀ ਸਹਾਇਤਾ ਕਰੋ, ਜਿਸਤੇ ਬਾਦਸ਼ਾਹ ਨੇ ਇਕ ਸਾਲ ਦਾ ਮਹਿਸੂਲ (ਮਾਮਲਾ) ਮਾਫ਼ ਕਰ ਦਿਤਾ। ਜਿਸ ਕਰਕੇ ਗੁਰੂ ਸਾਹਿਬਾਂ ਦੀ

** ਅੰਮ੍ਰਿਤ-ਸਰ ਨਹੀਂ, ਪੁਰਾਣਾ ਅਸਲੀ ਨਾਮ ਅੰਬਰ-ਸਰ ਹੀ ਸੀ ਜੋ ਲੋਕਾਂ ਵਿਚ ਆਮ ਪ੍ਰਸਿਧ ਹੈ॥

